ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਕੂਕ

Kuke

ਅਜੀਤ ਸਿੰਘ

ਉਦੈ ਪ੍ਰਕਾਸ਼ਨ
ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

.Sri Satguru Jagjit Singh Ji eLibrary NamdhariElibrary@gmail.com

੧ੴ

ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਕੂਕ

ਅਜੀਤ ਸਿੰਘ

ਉਦੈ ਪ੍ਰਕਾਸ਼ਨ
ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

**Copy Rights are Reserved**

ਪਹਿਲੀ ਵਾਰ : ਫਰਵਰੀ 1976

ਮਿਲਣ ਦਾ ਪਤਾ

ਅਜੀਤ ਸਿੰਘ

1272/14, ਇਸਲਾਮ ਗੰਜ,
ਲੁਧਿਆਣਾ

1300, ਅਜ਼ਾਦ ਨਗਰ
ਲੁਧਿਆਣਾ

ਭੇਟਾ 2/-

ਸ: ਅਜੀਤ ਸਿੰਘ ਨੇ ਗਿਆਨੀ ਪ੍ਰਿੰਟਿੰਗ ਪਰੈਸ, ਚੌੜਾ ਬਾਜ਼ਾਰ, ਲੁਧਿਆਣਾ
ਤੋਂ ਛਪਵਾ ਕੇ ਉਦੈ ਪ੍ਰਕਾਸ਼ਨ ਲਈ ਪ੍ਰਕਾਸ਼ਤ ਕੀਤੀ ।

# ਸਮਰਪਣ

"ਉਨ੍ਹਾਂ ਮਰਜੀਵੜਿਆਂ ਨੂੰ ਜਿਨ੍ਹਾਂ ਭਾਰਤੀ ਸੰਸਕ੍ਰਿਤੀ, ਅਜ਼ਾਦੀ ਤੇ
ਖੁਸ਼ਹਾਲੀ ਲਈ ਆਪਾ ਨਿਛਾਵਰ ਕੀਤਾ ।"

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

"ਬਦੇਸ਼ੀ ਢੰਗ ਕੋ ਛੋੜੋ, ਬਦੇਸ਼ੀ ਲੈਂਪ ਕੋ ਤੋੜੋ,
ਤਮੰਨਾ ਹੈ ਕਿ ਮਰ ਕਰ ਭੀ ਕਫ਼ਨ ਮੇਰਾ ਸੁਦੇਸ਼ੀ ਹੋ"

ਸਤਿਗੁਰੂ ਰਾਮ ਸਿੰਘ ਜੀ ਦੀ ਲਗਾਈ ਇਹ ਅਵਾਜ਼ ਸੁਣ ਬਿਲਿਆਂ ਦੇ ਹਿਰਦੇ ਕੰਬ ਗਏ। ਉਹਨਾਂ ਅਨਮਤੀਆਂ ਨੂੰ ਲਾਲਚ ਦੇ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਖਿਲਾਫ਼ ਖੜਾ ਕਰਨਾ ਚਾਹਿਆ। ਜਿਸ ਤਰ੍ਹਾਂ ਗੁਰਬਾਣੀ ਵਿਚ ਲਿਖਿਆ ਹੈ ਕਿ,

"ਲਭ ਵਿਸ਼ਾ ਤੇ ਮਾਨਸਾ ਜਿਉਂ ਪਾਨੀ ਬੂਰ"

ਇਸ ਤਰ੍ਹਾਂ ਲੋਕਾਂ ਦੇ ਹਿਰਦੇ ਲਾਲਚ ਵਿਚ ਆ ਅੰਗਰੇਜ਼ ਦੀ ਵਫ਼ਾਦਾਰੀ ਕਰਨ ਲਗੇ। ਉਸ ਵਕਤ ਜੋ ਕੋਈ ਕੂਕਿਆਂ ਦੇ ਖ਼ਿਲਾਫ਼ ਲਿਖਦਾ ਜਾਂ ਬੋਲਦਾ ਸੀ, ਉਸ ਨੂੰ ਨੌਕਰੀਆਂ, ਚੰਗੇ ਅਹੁਦੇ, ਜਾਗੀਰਾਂ ਦੇ ਕੇ ਸਤਕਾਰਿਆ ਜਾਂਦਾ ਸੀ। ਲੋਕਾਂ ਕੂਕਿਆਂ ਦੇ ਖਿਲਾਫ਼ ਬਹੁਤ ਕੁਝ ਝੂਠ ਲਿਖਣਾ ਸ਼ੁਰੂ ਕਰ ਦਿਤਾ। ਉਸ ਸਮੇਂ ਦੇ ਪਾਇ ਭੁਲੇਖੇ ਅਜ ਤਕ ਪਬਲਿਕ ਦੇ ਮਨਾਂ ਤੋਂ ਨਹੀਂ ਗਏ ਕਿਉਂਕਿ ਅਜੇ ਤਕ ਵੀ ਅੰਗਰੇਜ਼ੀ ਜ਼ੇਹਮੀਯਤ ਰਖਨ ਵਾਲੇ ਚੰਗੇ 2 ਲਿਖਾਰੀ ਕੂਕਿਆਂ ਦੇ ਖਿਲਾਫ਼ ਝੂਠ ਦਾ ਪ੍ਰਾਪੇਗੰਡਾ ਕਰਦੇ ਨਹੀਂ ਥਕਦੇ। ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਸਾਡੇ ਨੌਜੁਆਨ ਵੀ ਉਹਨਾ ਦਾ ਮੂੰਹ ਤੋੜਵਾਂ ਉਤਰ ਦੇਣ ਲਗ ਪਏ ਹਨ। ਅਗੇ ਵੀ ਮਾ: ਨਿਹਾਲ ਸਿੰਘ ਜੀ, ਤਰਨ ਸਿੰਘ ਜੀ ਵਹਿਮੀ, ਦਲੀਪ ਸਿੰਘ ਜੀ, ਸਨੇਹੀ ਜੀ ਤੇ ਅਮਰ ਭਾਰਤੀ ਜੀ (ਆਦਿ) ਨੇ ਕਾਫੀ ਕੁਝ ਲਿਖ ਕੇ ਉਹਨਾਂ ਦੇ ਦੰਦ ਖਟੇ ਕੀਤੇ ਹਨ। ਹੁਣ ਇਹ "ਕੂਕ" ਨਾਮੀ ਪੁਸਤਕ ਅਜੀਤ ਸਿੰਘ ਜੀ ਨੇ ਲਿਖ ਕੇ ਨਾਮਧਾਰੀ ਸਾਹਿਤ 'ਵਿਚ ਹੋਰ ਵਾਧਾ ਕੀਤਾ ਹੈ। ਸੱਚੇ ਪਾਤਸ਼ਾਹ ਇਹਨਾਂ ਨੂੰ ਅਪਨੇ ਕੰਮ ਵਿਚ ਸਫ਼ਲਤਾ ਪ੍ਰਦਾਨ ਕਰੇ।

**ਪੰਡਿਤ ਗੋਪਾਲ ਸਿੰਘ**
ਮੁਖੀ-ਨਾਮਧਾਰੀ ਸਾਹਿਤ ਪ੍ਰਕਾਸ਼ਨ ਬੋਰਡ

Sri Satguru Jagjit Singh Ji eLibrary NamdhariElibrary@gmail.com

# ਕੁਝ ਕੁ ਲੇਖਕ ਬਾਰੇ

"ਯੂਸਫ਼ ਵਸ਼ ਆਂਕਿ ਰਾਸ ਤਰਵਦ ਬਹਰੇ ਫਤੇਹ ਬਾਬ ।
ਮੁਹਤਾਜ਼ ਇਲਤਫ਼ਾਤੇ ਕਲੀਦਸ਼ਨ ਮੀ ਕੁਨੰਦ ॥"

ਭਾਵ ਯੂਸਫ਼ ਵਾਂਗ ਜੋ ਜਿਤਦਾ ਬੂਹਾ ਖੋਲਣ ਸਿੱਧਾ ਚਲ ਪੈਂਦਾ ਹੈ, ਉਸ ਦੀ ਕੁੰਜੀ ਧਿਆਨਾਂ ਦੀ ਮੁਹਤਾਜ ਨਹੀਂ ਹੁੰਦੀ । ਇਸੇ ਤਰ੍ਹਾਂ ਦੀ ਲਗਨ ਤੇ ਮੇਹਨਤ ਦਾ ਸਿਟਾ ਇਹ "ਕੂਕ" ਹੈ । ਲੇਖਕ ਦਾ ਜਨਮ 6 ਸਿਤੰਬਰ 1957 ਨੂੰ ਨੰਗਲ (ਭਾਖੜਾ) ਵਿਚ, ਸੰਤ ਸਰਦੂਲ ਸਿੰਘ ਜੀ ਦੇ ਘਰ ਹੋਇਆ । ਅਜ ਕਲ ਗੌਰਮਿੰਟ ਕਾਲਜ ਲੁਧਿਆਣਾ ਵਿਚ ਬੀ. ਕਾਮ ਕਰ ਰਹੇ ਹਨ । ਬਚਪਨ ਤੋਂ ਹੀ ਮਾਤਾ ਪਿਤਾ ਦੀ ਪ੍ਰੇਰਨਾ ਸਦਕਾ ਆਪ ਦਾ ਝੁਕਾਅ ਸਾਹਿਤ ਵਲ ਹੋ ਗਿਆ । ਆਪ ਦੇ ਮਨ ਵਿਚ ਨਾਮਧਾਰੀ ਇਤਿਹਾਸ ਵਿਚ ਪਏ ਭੁਲੇਖਿਆਂ ਨੂੰ ਦੂਰ ਕਰਨ ਦੀ ਤਰੰਗ ਉਤਪੰਨ ਹੋਈ । ਸਿਟੇ ਵਜੋਂ ਆਪਦਾ ਪਹਿਲਾ ਲੇਖ "ਅਜ਼ਾਦੀ ਤੇ ਅਜ਼ਾਦ ਭਾਰਤ" 15 ਅਗਸਤ 1974 ਨੂੰ ਸਤਿਜੁਗ ਵਿਚ ਪ੍ਰਕਾਸ਼ਤ ਹੋਇਆ ਉਸ ਤੋਂ ਬਾਅਦ ਲੜੀ ਵਾਰ ਆਪ ਦੇ ਲੇਖ ਆਉਂਦੇ ਗਏ ਜਿਹਾ ਕਿ,

| | |
|---|---|
| ਹਰੀ ਦੀ ਹਰਿਆਵਲ | 24 ਅਕਤੂਬਰ 1974 |
| ਮਹਾਨ ਨੀਤੀ ਵੇਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ | 13 ਫ਼ਰਵਰੀ 1975 |
| ਇਤਿਹਾਸ ਕੀ ਦਸਦਾ ਹੈ | 12 ਜੂਨ 1975 |
| ਨਾਮਧਾਰੀ ਸ਼ਹੀਦਾਂ ਨੂੰ ਸਮਰਪਤ | 11 ਸਤੰਬਰ 1975 |

ਤੇ ਅਜ "ਕੂਕ" ਦੇ ਰੂਪ ਵਿਚ ਲੇਖਕ ਦੇ ਵਿਚਾਰ ਸਾਡੇ ਸਾਹਮਣੇ ਆ ਰਹੇ ਹਨ । ਅਠਾਰਾਂ ਸਾਲ ਦੀ ਉਮਰ ਵਿਚ ਅਜੇਹੀ ਕਿਤਾਬ ਦਾ ਛਪਣਾ ਘੋਰ ਮੇਹਨਤ ਤੇ ਲਗਨ ਦਾ ਸਿਟਾ ਹੈ । ਮੈਂ ਆਪਣੇ ਦੋਸਤ ਨੂੰ ਇਸ ਖੁਸ਼ੀ ਦੇ ਅਫ਼ਸਰ ਤੇ ਵਧਾਈ ਦੇਂਦਾ ਹਾਂ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਇਹ ਲੇਖਕ ਦਿਨ ਦੁਗਨੀ ਤੇ ਰਾਤ ਚੋਗਨੀ ਤਰੱਕੀ ਕਰਦਾ ਆਪਣੀ ਮੰਜ਼ਿਲ ਵਲ ਵਧਦਾ ਜਾਵੇ ।

**ਸੁਖਵਿੰਦਰ ਸਿੰਘ**
ਲੁਧਿਆਣਾ

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਮੁਖ–ਬੰਧ

"ਸਮੁੰਦ ਵਿਰੋਲਿ ਸਰੀਰ ਹਮ ਦੇਖਿਆ, ਇਕ ਵਸਤ ਅਨੂਪ ਦਖਾਈ।
ਗੁਰ ਗੋਵਿੰਦ, ਗੋਵਿੰਦ ਗੁਰੂ ਹੈ, ਨਾਨਕ ਭੇਦ ਨ ਭਾਈ।"

ਇਹ ਵਿਗਿਆਨ ਦਾ ਯੁਗ ਹੈ ਅਤੇ ਵਿਗਿਆਨ ਨੇ ਪਦਾਰਥਵਾਦ ਨੂੰ ਚਮਕਾ ਦਿਤਾ ਹੈ ਤੇ ਇਸ ਦੇ ਨਾਲ ਹੀ ਕਈ ਪੁਰਾਣੀਆਂ ਕੀਮਤਾਂ ਨੂੰ ਬਦਲਿਆ ਹੀ ਨਹੀਂ, ਸਗੋਂ ਬੁਰੀ ਤਰ੍ਹਾਂ ਮਲੀਆਮੇਟ ਕਰ ਦਿਤਾ ਹੈ। ਪਰ ਸੱਚ ਸੱਚ ਹੈ. ਉਹ ਆਦਿ ਵਿਚ ਸੱਚ ਸੀ, ਜੁਗਾਦਿ ਵਿਚ ਵੀ ਸਚ ਸੀ, ਹੁਣ ਭੀ ਸੱਚ ਹੈ ਤੇ ਅਗੋਂ ਵੀ ਸੱਚ ਰਹੇਗਾ। ਅਥਵਾ,

"ਸੱਚ ਪੁਰਾਣਾ ਨਾ ਥੀਐ, ਨਾਮੁ ਨ ਮੈਲਾ ਹੋਇ।"

ਕਲਿਜੁਗ ਵਿਚ ਉਸ ਸੱਚ ਦਾ ਪ੍ਰਚਾਰਕ, ਨਿਰੰਕਾਰ ਆਪ ਨਾਨਕ ਦਾ ਰੂਪ ਧਾਰ ਕੇ ਆਇਆ ਅਤੇ ਸੱਚ ਨੂੰ ਦ੍ਰਿੜ ਕਰਨ ਖਾਤਰ ਦੇਸ਼ ਦਸ਼ਾਂਤਰਾਂ ਦਾ ਰਟਨ ਕੀਤਾ। ਇਸ ਦਾ ਸੁਨੇਹਾ ਦੇਣ ਖਾਤਰ, ਕਈ ਪ੍ਰਕਾਰ ਦੀਆਂ ਕਠਨਾਈਆਂ ਦਾ ਟਾਕਰਾ ਕੀਤਾ। ਪਰ ਉਨ੍ਹਾਂ ਕੋਲ ਇਕ ਸੱਚ ਦਾ ਅਜਿਤ ਸ਼ਸਤਰ ਸੀ, ਜਿਸ ਦਾ ਸਦਕਾ ਜਿਸ ਗੜ੍ਹ ਤੇ ਉਨ੍ਹਾਂ ਧਾਵਾ ਕੀਤਾ, ਜਿਸ ਹੰਕਾਰੀ ਨਾਲ ਉਨ੍ਹਾਂ ਨੂੰ ਟਾਕਰਾ ਕਰਨਾ ਪਇਆ, ਜਿਹੜਾ ਜਬਰ ਉਨ੍ਹਾਂ ਦੇ ਸਾਹਮਣੇ ਆਇਆ, ਉਸ ਨੂੰ ਉਸ ਸੱਚ ਅਗੇ ਝੁਕਣਾ ਪਇਆ। ਭਾਈ ਗੁਰਦਾਸ ਜੀ ਕਹਿੰਦੇ ਹਨ :—

"ਬਾਬੇ ਤਾਰੇ ਚਾਰ ਚੱਕ"

ਪੱਛਮ ਦੇ ਵਿਦਵਾਨ ਮਨੁਖ ਨੂੰ ਇਕ ਸਮਾਜਕ ਜੀਵ ਮੰਨਦੇ ਹਨ। ਭਾਵ ਚੰਗਾ ਸਮਾਜ, ਚੰਗਾ ਮਨੁਖ। ਮਾੜਾ ਸਮਾਜ, ਮਾੜਾ ਮਨੁਖ। ਪਰ :—

"ਏਕ ਵਹੁ ਹੈਂ, ਜਿਨ ਕੋ ਜ਼ਮਾਨਾ ਬਦਲਤਾ ਹੈ,
ਏਕ ਵਹੁ ਹੈਂ, ਜੋ ਜ਼ਮਾਨੇ ਕੋ ਬਦਲਤੇ ਹੈਂ।"

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰੂ ਨਾਨਕ ਦੇਵ ਜੀ ਜ਼ਮਾਨੇ ਨੂੰ ਬਦਲਣ ਵਾਲੇ ਸਨ। ਜ਼ਮਾਨੇ ਨੂੰ ਸਦਾ, ਸਥਿਰ ਰਖਣ ਵਾਸਤੇ ਉਨ੍ਹਾਂ ਆਪਣੇ ਉਪਰੰਤ ਆਪਣੀ ਸ਼ਕਤੀ, ਭਾਈ ਲਹਿਣੇ ਵਿਚ ਰੱਖ ਦਿਤੀ। ਉਹ ਸ਼ਕਤੀ ਚਲਦੀ ਗਈ ਤੇ ਚਲਦੀ ਚਲਦੀ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਪੁੱਜੀ। ਭਾਵ ਇਹ ਸੀ ਕਿ ਮਨੁੱਖ ਦੀ ਯਾਤਰਾ ਸਫਲਤਾ ਨਾਲ ਸਿਰੇ ਚੜ੍ਹੇ। ਮਨੁਖ ਭੰਬਲ ਭੂਸਿਆਂ ਤੋਂ ਬਚਿਆ ਰਹੇ; ਕਿਤੇ ਔਕੜਾਂ ਵਿਚ ਨ ਪੈ ਜਾਵੇ; ਉਸ ਦੇ ਪੈਰਾਂ ਨੂੰ ਰੋੜੇ ਨਾ ਚੁਭਣ; ਉਸ ਦੇ ਲੀੜੇ ਕੰਢਿਆਂ ਨਾਲ ਅੜ ਅੜ ਕੇ ਪਾਟ ਨਾ ਜਾਣ। ਗੁਰੂ ਅਮਰਦਾਸ ਜੀ ਨੇ ਬੜਾ ਢੁਕਵਾਂ ਫੁਰਮਾਇਆ ਹੈ :—

"ਨਾਨਕ ਗੁਰ ਤੇ ਗੁਰ ਹੋਇਆ, ਵੇਖਹੁ ਤਿਸ ਕੀ ਰਜਾਇ।"

(ਗੂਜਰੀ, ਪੰਨਾ 490—91)

ਅੰਗਰੇਜ਼ ਕਾਲ ਵਿਚ ਸਿੱਖ ਕੁਝ ਬੇਰੂਨੀ–ਤਾਕਤਾਂ ਦੀ ਸ਼ਹਿ ਨਾਲ, ਅਸਲੇ ਤੋਂ ਖਿਸਕ ਗਿਆ ਤੇ ਦਸਵੇਂ ਪਾਤਸ਼ਾਹ ਉਪਰੰਤ "ਆਦਿ ਗ੍ਰੰਥ ਸਾਹਿਬ" ਨੂੰ ਉਹ ਦਰਜਾ ਦੇ ਦਿਤਾ. ਜੋ ਪਹਿਲੇ ਗੁਰੂ ਸਾਹਿਬਾਨ ਆਪਣੇ ਉਤਰਾਧਕਾਰੀ ਨੂੰ ਦੇਂਦੇ ਸਨ। ਜਿਸਦਾ ਸਿਟਾ ਇਹ ਨਿਕਲਿਆ ਹੈ ਕਿ ਅੱਜ ਦਾ ਸਿੱਖ ਅਸਲੇ ਤੋਂ ਦੂਰ ਜਾ ਰਹਿਆ ਹੈ। ਇਹ ਅਟੱਲ ਸਚਾਈ ਹੈ, ਕਿ ਗੁਰੂ ਵਿਚ ਉਹ ਸ਼ਕਤੀਆਂ ਹੁੰਦੀਆਂ ਹਨ ਜੋ ਨਿਰੰਕਾਰ ਨਾਲ ਸੰਬੰਧਿਤ ਹਨ। ਗੁਰੂ ਦੀ ਤਾਂ ਤੁਸੀਂ ਗੱਲ ਛਡੋ ਗੁਰੂ ਦੇ ਚਰਨਾਂ ਦੀ ਛੂਹ ਪ੍ਰਾਪਤ ਕਰਨ ਵਾਲਾ ਵਿਅਕਤੀ ਉਨ੍ਹਾਂ ਸ਼ਕਤੀਆਂ ਦਾ ਮਾਲਿਕ ਬਣ ਜਾਂਦਾ ਹੈ, ਜਿਸਦੀ ਦ੍ਰਿਸ਼ਟੀ ਜਨਮ ਜਨਮਾਂਤਰਾਂ ਦੇ ਰੋਗ ਕਟ ਸਕਦੀ ਹੈ। ਉਸ ਦੇ ਮੁਖਾਰਬਿੰਦ ਤੋਂ ਨਿਕਲਿਆ ਇਕ ਵਚਨ ਢੇਰਾਂ ਦੇ ਢੇਰ ਗ੍ਰੰਥਾਂ ਦੇ ਗਿਆਨ ਨਾਲੋਂ ਮਹਾਨ ਪ੍ਰਕਾਸ਼ ਸ੍ਰੋਤ ਸਿੱਧ ਹੁੰਦਾ ਹੈ। ਉਸਦੀ ਚਰਨ ਛੂਹ ਕਲਰੀ, ਬੰਜਰੀ ਤੇ ਦਲਦਲੀ ਧਰਤੀ ਨੂੰ ਛਿਨ ਭੰਗਰ ਵਿਚ ਗੁਲਜਾਰ ਵਿਚ ਬਦਲ ਸਕਦੀ ਹੈ। ਉਹ ਰੇਖ ਵਿਚ ਮੇਖ ਮਾਰ ਸਕਦੀ ਹੈ।

ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਦਸਵੇਂ ਪਾਤਸ਼ਾਹ ਉਪਰੰਤ ਜਿਸ ਸ਼ਕਤੀ ਨੇ ਸਿਖੀ ਗੁਲਜ਼ਾਰ ਨੂੰ ਮੌਲਿਆ, ਖਿੜਿਆ ਤੇ ਹਰਿਆ ਭਰਿਆ ਰਖਿਆ ਸੀ, ਸਿੱਖ ਉਸੇ ਸਰੋਤ ਨੂੰ ਬੰਦ ਕਰਨ ਦਾ ਤਰੱਦਲਾ ਖਾ ਰਿਹਾ ਹੈ। ਇਸ ਵੇਲੇ ਦਾ ਸਮਾਂ ਬੜਾ ਨਾਜ਼ਕ ਹੈ।

Sri Satguru Jagjit Singh Ji eLibrary NamdhariElibrary@gmail.com

ਮੈਂ "ਕੂਕ" ਪੜ੍ਹਕੇ ਬੜਾ ਪ੍ਰਸੰਨ ਹੋਇਆ ਹਾਂ ਕਿਉਂਕਿ ਇਸ ਵਿਚ ਕੂਕਿਆਂ ਨਾਲ ਪੂਰਾ ਪੂਰਾ ਨਿਆਂ ਹੋਇਆ ਹੈ। ਸਤਿਗੁਰੂ ਰਾਮ ਸਿੰਘ ਜੀ ਬਾਰੇ ਦਸਣ ਦਾ ਸੁਚੱਜਾ ਜਤਨ ਹੈ। ਅਸਲ ਵਿਚ ਨੌਜਵਾਨ ਹੀ ਕੌਮਾ ਦੀਆਂ ਬੇੜੀਆਂ ਨੂੰ ਚਪੂ ਲਾ ਸਕਦੇ ਹਨ। ਸ੍ਰੀ ਅਜੀਤ ਸਿੰਘ ਦਾ ਉਦਮ, ਮਿਹਨਤ, ਲਗਨ ਚਾਉ, ਪੰਥਕ ਪਿਆਰ ਸ਼ਲਾਘਾਯੋਗ ਹੈ। ਇਸ ਵੇਲੇ ਅਜੇਹੇ ਨੌਜਵਾਨਾਂ ਦੀ ਲੋੜ ਹੈ, ਜਿਹੜੇ ਤੱਪ, ਤਿਆਗ ਦੇ ਮਾਲਿਕ ਹੋਣ ਤੇ ਗੁਮਰਾਹ ਹੋ ਰਹੇ ਵੀਰਾਂ ਨੂੰ ਸਿਧੇ ਰਾਹ ਤੇ ਲਿਆਉਣ ਹਿਤ ਉਨ੍ਹਾਂ ਦੀ ਸਹਾਇਤਾ ਕਰਨ। ਸ੍ਰੀ ਅਜੀਤ ਸਿੰਘ ਨੇ "ਕੂਕ" ਲਿਖ ਨਾਮਧਾਰੀ ਸਾਹਿਤ ਵਿਚ ਹੋਰ ਵਾਧਾ ਕੀਤਾ ਹੈ।

ਮੈਂ ਸਤਿਗੁਰੂ ਸਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ, ਕਿ ਉਹ ਨੌਜਵਾਨਾਂ ਤੇ ਕ੍ਰਿਪਾਲਤਾ ਕਰਨ ਤਾਂ ਕਿ ਉਹ ਪੰਥਕ ਸੇਵਾ ਵਿਚ ਵਧ ਚੜ੍ਹ ਕੇ ਹਿਸਾ ਪਾ ਸਕਣ।

**ਮਾ: ਨਿਹਾਲ ਸਿੰਘ**
ਪ੍ਰਧਾਨ ਨਾਮਧਾਰੀ ਦਰਬਾਰ
ਸ੍ਰੀ ਜੀਵਨ ਨਗਰ।

# ਭੂਮਿਕਾ

ਹੋਤਾ ਹੈ ਕੋਹੇ ਦਸ਼ਤ ਮੇਂ ਪੈਦਾ ਕਭੀ ਕਭੀ
ਵਹ ਮਰਦ ਜਿਸਕਾ ਫ਼ਕਰ ਕਰੇ ਖ਼ਜ਼ਫ਼ ਕੋ ਨਗੀਂ ।

**ਡਾ: ਇਕਬਾਲ**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਉਨ੍ਹਾਂ ਮਹਾਨ ਸ਼ਖਸੀਅਤਾਂ ਵਿਚੋਂ ਸਨ, ਜਿਨ੍ਹਾਂ ਨੇ ਆਪਣੀ ਨੂਰਾਨੀ ਨਿਗ੍ਹਾ ਨਾਲ, ਭਾਰਤੀ ਲੋਕਾਂ ਦੀ ਰੂਪ ਰੇਖਾ ਬਦਲ ਦਿਤੀ। ਮੁਰਦਾ ਰੂਹਾਂ ਵਿਚ ਜਾਨ ਪਾ, ਸੂਰਬੀਰ ਯੋਧੇ ਪੈਦਾ ਕਰ ਦਿਤੇ। ਉਨ੍ਹਾਂ ਦੇ ਹਥਾਂ ਵਿਚ ਤੀਰਾਂ ਤਲਵਾਰਾਂ ਦੀ ਥਾਂ ਮਾਲਾ ਫੜਾ, ਇਕ ਨਵੇਂ ਢੰਗ ਨਾਲ ਯੁਧ ਲੜਨਾ ਸ਼ੁਰੂ ਕਰ ਦਿਤਾ। ਬਿਨਾਂ ਆਰੀ-ਅੰਗਿਆਰ ਤੋਂ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜਨਾ ਆਰੰਭ ਦਿਤਾ। ਅੰਗਰੇਜ਼ ਡਗਮਗਾ ਗਿਆ। ਉਹ ਨਹੀਂ ਸੀ ਚਾਹੁੰਦਾ ਕਿ "ਸੋਨ ਚਿੜੀ" ਉਸ ਦੇ ਹਥੋਂ ਉਡ ਜਾਵੇ। ਸੋ ਉਸ ਨੇ ਭਾਰਤੀਆਂ ਨੂੰ ਖਰੀਦ, ਭਾਰਤੀਆਂ ਵਿਰੁਧ ਖੜਾ ਕਰ ਦਿਤਾ। ਭਾੜੇ ਦੇ ਇਤਿਹਾਸ-ਕਾਰ ਪੈਦਾ ਕਰ ਮਨ-ਚਾਹੇ ਇਤਿਹਾਸ ਲਿਖਵਾਏ। ਇਨ੍ਹਾਂ ਲੇਖਕਾਂ ਦਾ ਨਾਮਧਾਰੀ ਇਤਿਹਾਸ ਤੇ ਬਹੁਤ ਅਸਰ ਪਿਆ। ਅੰਗਰੇਜ਼ ਚਾਹੁੰਦਾ ਸੀ, ਕਿਸੇ ਤਰ੍ਹਾਂ ਭਾਰਤੀ ਭੁਲ ਜਾਣ, ਕਿ ਨਾਮਧਾਰੀ ਨਾਂ ਦੀ ਇਨਕਲਾਬੀ ਲਹਿਰ ਵੀ ਇਸ ਦੇਸ਼ ਵਿਚੋਂ ਉਠੀ ਸੀ। ਤੇ ਉਹ ਇਸਮੰਤਵ ਵਿਚ ਕਿਸੇ ਹਦ ਤੀਕ ਸਫਲ ਵੀ ਹੋਇਆ। ਨਾਮਧਾਰੀ ਤੇ ਗੈਰ ਨਾਮਧਾਰੀ ਲੇਖਕਾਂ ਨੇ ਸਮੇਂ ਸਮੇਂ ਸਿਰ ਅਸਲੀਅਤ ਲੋਕਾਂ ਸਾਹਮਣੇ ਪੇਸ਼ ਕੀਤੀ ਹੈ। ਇਕ ਨਾ-ਮਾਤਰ ਕੋਸ਼ਿਸ਼ ਮੈਂ ਵੀ ਕਰ ਰਿਹਾ ਹਾਂ। ਇਹ "**ਕੂਕ**" ਭਾਰਤੀ ਲੋਕਾਂ ਨੂੰ ਦੇ ਰਿਹਾ ਹਾਂ, ਇਸ ਆਸ ਨਾਲ, ਸ਼ਾਇਦ, ਇਹ ਸਾਨੂੰ ਸਾਡੇ ਵਿਰਸੇ ਤੋਂ ਜਾਣੂ ਕਰਾਉਣ ਵਿਚ ਸਾਡੀ ਮਦਦ ਕਰੇ। ਉਮੀਦ ਕਰਦਾ ਹਾਂ ਕਿ ਪਾਠਕ ਆਪਣੇ ਖਿਆਲ ਮੇਰੇ ਤਕ ਪਹੁੰਚਾਣ ਦੀ ਖੇਚਲ ਕਰਨਗੇ।

**ਅਜੀਤ ਸਿੰਘ**

Sri Satguru Jagjit Singh Ji eLibrary NamdhariElibrary@gmail.com

# ਉਦੈ ਪ੍ਰਕਾਸ਼ਨ

ਅੰਗਰੇਜ਼ ਵਲੋਂ ਪਾਏ ਇਤਿਹਾਸਕ ਭੁਲੇਖਿਆਂ ਨੇ ਭਾਰਤੀ ਲੋਕਾਂ ਨੂੰ ਗੁਮਰਾਹ ਬਣਾ ਦਿਤਾ ਹੈ। ਅਸਲ ਇਤਿਹਾਸ ਹਾਲੇ ਤਕ ਲੋਕਾਂ ਸਾਹਵੇਂ ਨਹੀਂ ਆਇਆ। ਉਦੈ ਪ੍ਰਕਾਸ਼ਨ ਆਪਣੀ ਪ੍ਰਥਮ "ਕੂਕ" ਦੇ ਰਾਹ ਦਰਸਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਨੂੰ ਪੂਰਨ ਆਸ ਹੈ ਕਿ ਸਾਡੀ ਇਹ "ਕੂਕ" ਭਾਰਤੀ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਕਰਾਏਗੀ।

ਅਜੇ ਤਕ ਕਈ ਦੇਸ਼ ਭਗਤਾਂ ਦੀਆਂ ਜੀਵਨੀਆਂ ਜਨਤਾ ਸਾਹਮਣੇ ਨਹੀਂ ਆ ਸਕੀਆਂ। ਪ੍ਰਕਾਸ਼ਕ ਨੇ ਇਹ ਮਤਾ ਪਾਸ ਕੀਤਾ ਹੈ ਕਿ ਅਹੇਹੇ ਦੇਸ਼ ਭਗਤਾਂ ਦੀਆਂ ਜੀਵਨੀਆਂ ਨੂੰ ਕਲਮ-ਬੰਧ ਕਰ ਲੋਕਾਂ ਸਾਹਵੇਂ ਲਿਆਂਦਾ ਜਾਵੇ। ਇਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਦੇਸ਼ ਭਗਤਾਂ, ਜਿਨ੍ਹਾਂ ਦਾ ਸੰਖੇਪ ਤੁਸੀਂ ਇਸ "ਕੂਕ" ਨਾਮੀ ਪੁਸਤਕ ਵਿਚ ਪੜ੍ਹੋਗੇ, ਦਾ ਸੰਪੂਰਨ ਇਤਿਹਾਸ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਜੋ ਜਲਦੀ ਹੀ ਪਾਠਕਾਂ ਦੇ ਹਥ ਵਿਚ ਆ ਜਾਵੇਗਾ। ਇਸ ਇਤਿਹਾਸਕ ਪੁਸਤਕ ਵਿਚ ਤੁਸੀਂ ਹੇਠ ਲਿਖੇ ਵਿਸ਼ਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕੋਗੇ :

1. ਨਦੇੜ੍ਹੋਂ ਬਾਅਦ ਦਸਮ ਗੁਰੂ ਦਰਸ਼ਨ
2. ਸ੍ਰੀ ਸਤਿਗੁਰੂ ਬਾਲਕ ਸਿੰਘ ਜੀ (ਸੰਖੇਪ ਇਤਿਹਾਸ)
3. ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਜੀਵਨ ਝਲਕੀਆਂ)
4. ਨਾਮਧਾਰੀ ਸਿਧਾਂਤ
5. ਸਮਾਜ ਤੇ ਕੂਕੇ
6. ਹਕੂਮਤ ਤੇ ਕੂਕੇ
7. ਸ੍ਰੀ ਸਤਿਗੁਰੂ ਹਰੀ ਸਿੰਘ ਜੀ
8. ਅਟੱਲ ਪ੍ਰਤਾਪੀ ਸਤਿਗੁਰੂ
9. ਹੁਕਮਨਾਮੇ ਸਤਿਗੁਰੂ ਰਾਮ ਸਿੰਘ
10. ਨਾਮਧਾਰੀ ਰਿਖੀ।

Sri Satguru Jagjit Singh Ji eLibrary NamdhariElibrary@gmail.com

ਉਮੀਦ ਹੈ ਕਿ ਇਹ ਕਿਤਾਬ, ਨਾਮਧਾਰੀ ਇਤਿਹਾਸ ਵਿਚ ਮੀਲ ਪਥਰ ਹੋਵੇਗੀ। ਅਸੀਂ ਸਭ ਲੇਖਕਾਂ ਨੂੰ ਬੇਨਤੀ ਕਰਦੇ ਹਾਂ, ਇਨ੍ਹਾਂ ਵਿਸ਼ਿਆਂ ਬਾਰੇ ਆਪਣੇ ਵਿਚਾਰ ਲਿਖਕੇ ਭੇਜਣ। ਉਨ੍ਹਾਂ ਦਾ ਥੋੜ੍ਹਾ ਜਿਹਾ ਸਹਿਯੋਗ ਆਮ ਲੋਗਾਂ ਲਈ ਬਹੁਤ ਲਾਭਦਾਇਕ ਸਿਧ ਹੋ ਸਕਦਾ ਹੈ।

**"In the valley of thought, Let the river of action flow."**

**Baljit Singh Grewal**

ਅਸੀਂ ਉਨ੍ਹਾਂ ਸਭ ਸਜਣਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਤਨ, ਮਨ, ਧਨ ਨਾਲ, ਇਸ ਪ੍ਰਕਾਸ਼ਨ ਨੂੰ ਲੋਕਾਂ ਸਾਹਵੇਂ ਲਿਆਉਣ ਵਿਚ ਸਾਡੀ ਮਦਦ ਕੀਤੀ ਹੈ।

ਅਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾ ਵਿਚ ਅਰਦਾਸ ਕਰਦੇ ਹਾਂ ਕਿ, ਆਪ ਜੀ ਆਪਣੇ ਬਚਿਆਂ ਨੂੰ ਅਸ਼ੀਰਵਾਦ ਦੇਣ, ਤਾਂ ਕਿ ਇਹ ਨਵ-ਜੰਮੇ ਵਧ ਚੜ੍ਹ ਕੇ ਦੇਸ਼-ਧਰਮ ਦੀ ਸੇਵਾ ਕਰ ਸਕਣ।

Sri Satguru Jagjit Singh Ji eLibrary NamdhariElibrary@gmail.com

ਵਿਚੋਂ ਇਸਦੇ ਤਿੰਨ ਨਾਵਾਂ ਦਾ ਪਤਾ ਲਗਦਾ ਹੈ (1) ਕੂਕਾ (2) ਨਵਾਂ ਪੰਥ (3) ਸੰਤ ਖਾਲਸਾ। ਅੰਗਰੇਜ਼ ਸਰਕਾਰ ਨੇ ਕੂਕਾ ਸ਼ਬਦ ਨੂੰ ਬਹੁਤ ਪ੍ਰਚਾਰਿਆ ਹੈ। "ਕੂਕ" ਪੰਜਾਬੀ ਵਿਚ ਪੁਕਾਰ ਨੂੰ ਕਹਿੰਦੇ ਹਨ। ਇਸ ਸਮਾਜ ਨੇ ਅਜ਼ਾਦੀ ਵਾਸਤੇ ਅਜੇਹੇ ਸਮੇਂ ਕੂਕਣਾ ਆਰੰਭਿਆ ਜਦ ਅੰਗਰੇਜ਼ੀ ਸਰਕਾਰ ਦੇ ਵਿਰੁਧ ਇਕ ਸ਼ਬਦ ਵੀ ਕਹਿਣਾ ਮੌਤ ਨਾਲ ਟੱਕਰ ਲੈਣ ਦੇ ਬਰਾਬਰ ਸ਼ੀ। ਆਮ ਲੋਕ ਮਸਤੀ ਵਿਚ ਆ ਕੇ ਕੂਕਾਂ ਮਾਰਨ ਅਤੇ ਉਚੀ ਸੁਰ ਨਾਲ ਸ਼ਬਦ ਗਾਉਣ ਕਰ ਕੇ ਵੀ ਕੂਕੇ ਆਖਦੇ ਹਨ। ਸਿਆਸਤਦਾਨਾਂ ਦੇ ਵਿਚਾਰ ਅਨੁਸਾਰ "ਕੂਕਾ" ਇਸ ਸਮਾਜ ਦਾ ਸਿਆਸੀ ਨਾਉਂ ਸੀ ਅਤੇ ਇਸ ਅਧਾਰ ਤੇ ਹੀ ਉਹ ਇਸ ਅੰਗਰੇਜ ਵਿਰੋਧੀ ਲਹਿਰ ਨੂੰ "ਕੂਕਾ ਮੂਵਮੈਂਟ" ਦੇ ਨਾਉਂ ਨਾਲ ਪੁਕਾਰਦੇ ਆਏ ਹਨ। ਸਿਖ

ਾਜ ਦੇ ਸਮਾਪਤ ਹੋਣ ਉਪਰੰਤ ਸਿਖ ਆਪਣੇ ਪੁਰਾਤਨ ਤੇ ਮੁਢਲੇ ਅਸੂਲਾਂ ਨੂੰ ਭੁਲ

ੇ. ਪਰ ਇਸ ਸਮਾਜ ਦੇ ਲੋਕਾਂ ਨੇ ਜਦ ਆਪਣੇ ਪਹਿਲੇ ਅਸੂਲਾਂ ਉਤੇ ਨਵੇਂ

ੇ ਵਰਤੋਂ ਸ਼ੁਰੂ ਕੀਤੀ ਤਾਂ ਉਹ ਨਵੇਂ ਅਤੇ ਓਪਰੇ ਪ੍ਰਤੀਤ ਹੋਣ ਲਗੇ। ਇਸ

ਸ ਉਹਨਾਂ ਦੇ ਸੰਗਠਨ ਦਾ ਨਾਉਂ "ਨਵਾਂ ਪੰਥ" (New set) ਪ੍ਰਸਿਧ

ਾ। "ਸੰਤ ਖਾਲਸਾ" ਨਾਮ ਮਲੇਛ ਖਾਲਸਾ ਦੇ ਟਾਕਰੇ ਕਰਕੇ ਮਸ਼ਹੂਰ

ਾਪਦਾ ਹੈ। ਮਹਾਰਾਜ ਰਣਜੀਤ ਸਿੰਘ ਜੀ ਤੋਂ ਪਿਛੋਂ ਜਦ ਸਿਖ

ਜ਼ਿਕਰ ਕੀ— ਵਿਗੜ ਗਿਆ ਤੇ ਚੋਰੀ, ਯਾਰੀ, ਮਾਸ ਸ਼ਰਾਬ, ਵੇਸ਼ਵਾ ਗਮਨ,

ਲੁਧਿਆਣਾ ਦੇ ਅਤੇ ਵਿਸਾਹਘਾਤ ਆਦਿਕ ਬੁਰਾਈਆਂ ਦਾ ਜ਼ੋਰ ਵਧ ਗਿਆ

ਸ਼ਮਾਂ ਦੀ ਲਾਟ 'ਮਲੇਛ ਖਾਲਸਾ" ਪੈ ਗਿਆ ਪਰ ਜਦੋਂ ਸ੍ਰੀ ਸਤਿਗੁਰੂ ਰਾਮ

ਦਰਸਾਇਆ, ਉਨ੍ਹਾਂ ਦਾ ਸਿਰੇ ਜਥੇਬੰਦ ਕਰਕੇ ਸਦਾਚਾਰੀ ਅਤੇ ਸੰਤ ਰੂਪ

'ਭਾਰਤ ਦੇ ਮਾਲਕੋ ਹੁ ਖਾਲਸਾ ਦੇ ਪਵਿਤਰ ਨਾਉਂ ਨਾਲ ਸਤਕਾਰਿਆ

ਖੂਨ ਦੇ ਅਸਲ ਰੂਪ ਅਰ ਨਾਮ ਅਭਿਆਸ ਦੇ

ਗੋਰਿਆਂ ਨੇ ਆ ਕੇ ਇਕ ਜਾਲ ਨਾਮਧਾਰੀ" ਹੈ।" (ਮਾਲਵੇਂਦਰ)

ਇਸਨੂੰ ਸਾੜ੍ਹਨ ਭਿੰਨਤਾ ਬਾਰੇ ਇਥੇ ਮੇਰਾ ਅਸਲ ਵਿਸ਼ਾ

ਲੋਕਾਂ ਨੂੰ ਦੀਵਾਨਾ ਬਣਾ ਦਿਤਾ। ਤੇ ਕਿ

ਬੰਨ ਲਗੇ ਗਲੀ ਗਲੀ ਸਰਕਾਰ ਵਿਰੁਧ ਹੋਕਾ ਕਿਵੇਂ ਤੇ ਕਿਉਂ ਲੋਕਾਂ ਨੂੰ

ਲਲਕਾਰਿਆ, ਪੁਕਾਰਿਆ ਜਾਂ ਕੂਕਣਾਂ ਆਰੰਭਿਆ ਜਾਂ ਫਿਰ ਇੰਜ ਕਹਿ ਲਵੋ ਕਿ ਸਤਿਗੁਰੂ ਜੀ ਦਾ ਨਾਮਧਾਰੀ ਪੰਥ ਨੂੰ ਉਜਾਗਰ ਕਰਨ ਦਾ ਕੀ ਮੰਤਵ ਸੀ।

2. ਨਾਮਧਾਰੀਆਂ ਨੇ ਗਊ ਤੇ ਗਰੀਬ ਦੀ ਰਖਿਆ ਕਰਨ ਲਈ ਕਿਉਂ ਸਿਰ ਧੜ ਦੀ ਬਾਜ਼ੀ ਲਾਈ ?

ਇਸਦਾ ਉੱਤਰ ਇਹ ਹੈ :

1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 13 ਅਪ੍ਰੈਲ 1857 ਨੂੰ ਨਾਮਧਾਰੀ ਸਮਾਜ ਦੀ ਨੀਂਹ, ਦੇਸ਼ ਦੇ ਵਾਤਾਵਰਣ ਨੂੰ ਭਾਂਪਦੇ, ਗੁਲਾਮੀ ਦੇ ਸੰਗਲ ਕਟਣ ਹਿਤ ਰਖੀ ਤੇ ਆਮ ਜਨਤਾ ਨੂੰ ਲਲਕਾਰ ਕੇ ਕਿਹਾ :

आ गया है कर्मयुग कुछ कर्म करना सीख लो ।
देश, धर्म और जाति हित हंस हंस कर मरना सीख लो ।
मारने का नाम मत लो पहले मरना सीख लो ।
देश को स्वतंत्र करना है तो दब दब कर उभरना सीख लो ।

(गुरू राम सिंह और कूका विद्रोह)

ਤੇ ਆਪਣੇ ਮੰਤਵ ਦੀ ਪੂਰਤੀ ਲਈ ਨਾ-ਮਿਲਵਰਤਣ ਦੀ ਨੀਂਹ ਰਖੀ।

2. ਨਾਮਧਾਰੀਆਂ ਨੇ ਧਰਮ ਨੂੰ ਬਚਾਉਣ ਹਿਤ, ਭਾਰਤੀ ਸੰਸਕ੍ਰਿਤੀ ਨੂੰ ਜਿੰਦਾ ਰਖਣ ਖਾਤਰ, ਅੰਗਰੇਜੀ ਸਰਕਾਰ ਨਾਲ ਟਕਰ ਲੈਣ ਲਈ "ਗਊ ਤੇ ਗਰੀਬ" ਦੀ ਰਖਿਆ ਕਰਨ ਖਾਤਰ ਕੁਰਬਾਨੀਆਂ ਦਿਤੀਆਂ।

ਪਰ ਇਤਨਾ ਕਹਿਣ ਨਾਲ ਸੰਤੁਸ਼ਟੀ ਪ੍ਰਾਪਤ ਨਹੀਂ ਹੋ ਸਕਦੀ, ਤੇ ਨਾ ਹੀ ਇਹ ਗੁੰਝਲਦਾਰ ਬੁਝਾਰਤ ਹਲ ਹੁੰਦੀ ਹੈ। ਸੋ ਕੋਸ਼ਿਸ਼ ਕਰ ਰਿਹਾ ਹਾਂ, ਇਸਦਾ ਹੱਲ ਲਭਣ ਦੀ, ਪਰ ਫੈਸਲਾ ਪਾਠਕਾਂ ਦੇ ਹਥ ਹੈ।

"ਸ਼ਾਇਦ ਇਹ ਗੁੰਝਲ ਕਦੇ ਵੀ ਨਾ ਪੈਂਦੀ ਜੇ ਸਾਡੇ ਦੇਸ਼ ਵਾਸੀ ਨਾਮਧਾਰੀਆਂ ਦਾ ਸਾਥ ਦੇ ਦਿੰਦੇ। ਪਰ ਉਨ੍ਹਾਂ ਦੀ ਗਦਾਰੀ ਨੇ ਇਹ ਭੁਲੇਖੇ ਪਾ ਦਿਤੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ "ਖਾਲਸਾ ਫੌਜ ਦੇ ਉਸ ਵੇਲੇ ਦੇ

Sri Satguru Jagjit-Singh Ji eLibrary NamdhariElibrary@gmail.com

ਆਗੂਆਂ ਦੇ ਚਰਿਤਰ ਤੋਂ ਦੇਸ਼ ਦੇ ਮੰਦੇ ਭਵਿਖ ਦਾ ਅਨੁਮਾਨ ਲਾ ਕੇ ਹੀ ਆਪ ਮੁਦਕੀ ਦੀ ਲੜਾਈ ਸਮੇਂ ਭੈਣੀ ਸਾਹਿਬ ਆ ਗਏ ਸਨ। ਇਥੇ ਕੁਝ ਚਿਰ ਭਗਤੀ ਕਰਨ ਪਿਛੋਂ ਤੇ ਗਦਰ ਤੋਂ ਪਹਿਲਾਂ ਆਪਣੇ ਭੈਣੀ ਸਾਹਿਬ ਵਿਚ ਇਕ ਅਜੇਹੀ ਅਮਨ ਪਸੰਦ ਲਹਿਰ ਦਾ ਮੁਢ ਬੰਨਿਆ ਜਿਸ ਨਾਲ ਸਰਬ ਪ੍ਰਥਮ ਸੁਤੰਤਰਤਾ ਦਾ ਸ੍ਰੀ ਗਨੇਸ਼ ਹੋਇਆ।"

**(ਰੋਜ਼ਾਨਾ ਅਕਾਲੀ ਪੱਤ੍ਰਕਾ 16 ਫਰਵਰੀ 1975)**

ਉਨ੍ਹਾਂ ਨੇ ਇਕ ਨਵੀਨ ਢੰਗ ਅਪਣਾਇਆ, ਧਾਰਮਿਕਤਾ ਨੂੰ ਸਮਾਜਿਕਤਾ ਦਾ ਸਹਾਰਾ ਲੈ ਰਾਜਨੀਤੀ ਨਾਲ ਜੋੜ ਦਿਤਾ। ਉਨ੍ਹਾਂ ਨੇ ਸ਼ਾਂਤ-ਮਾਰਗ ਅਪਣਾਉਂਦੇ ਹੋਏ, ਨਾ-ਮਿਲਵਰਤਨ ਨੂੰ ਜਨਮ ਦੇ ਅੰਗਰੇਜ਼ਾਂ ਵਿਰੁਧ ਇਕ ਅੰਦੋਲਨ ਸ਼ੁਰੂ ਕਰ ਦਿਤਾ। ਪਰ ਇਹ ਅੰਦੋਲਨ ਇਕ ਅਜੇਹੀ ਭੇਦ ਭਰੀ ਨੀਤੀ ਅਧੀਨ ਅਰੰਭਿਆ ਗਿਆ ਸੀ, ਕਿ ਤੇਜ਼ ਦਿਮਾਗੀ ਗੋਰਾ ਵੀ ਪਹਿਲਾਂ ਪਹਿਲ ਇਸ ਨੂੰ ਸਮਝ ਨਾ ਸਕਿਆ। ਸਾਡੇ ਭਾਰਤੀਆਂ ਤਾਂ ਇਸ ਨੂੰ ਕੀ ਸਮਝਣਾ ਸੀ ਜਿਨ੍ਹਾਂ ਨੂੰ ਆਪੇ ਦੀ ਹੀ ਹੋਸ਼ ਨਹੀਂ ਸੀ। ਗੋਰਾ ਵੀ ਉਸ ਵਕਤ ਹੀ ਸਤਿਗੁਰੂ ਜੀ ਦੀ ਨੀਤੀ ਤਾਂ ਜਾਣੂ ਹੋ ਸਕਿਆ ਜਦੋਂ ਉਨ੍ਹਾਂ ਦੀ ਬਾਲੀ ਸ਼ਮਾਂ ਦੀ ਲਾਟ, ਬੜੀ ਤੇਜ਼ੀ ਨਾਲ ਭਾਂਬੜ ਦਾ ਰੂਪ ਧਾਰਨ ਕਰ ਰਹੀ ਸੀ। ਉਸ ਨੇ ਪੂਰੀ ਤਾਕਤ ਨਾਲ ਇਸ ਉਠਦੇ ਭਾਂਬੜ ਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ। ਜੋਸ਼ ਨਾਲ ਉਸ ਦੇ ਹੋਸ਼ ਉਡ ਗਏ, ਉਸ ਨੇ ਵਹਿਸ਼ੀਪੁਣੇ ਦੇ ਢੰਗ ਵਰਤ ਨਾਮਧਾਰੀਆਂ ਨੂੰ ਦਬਾਉਣਾ ਸ਼ੁਰੂ ਕਰ ਦਿਤਾ। ਇਨ੍ਹਾਂ ਦਾ ਖੋਜ ਖੁਰਾ ਮਿਟਾਉਣ ਲਈ ਆਪਣੇ ਵਲੋਂ ਹਰ ਸੰਭਵ ਤੇ ਅਸੰਭਵ ਕਦਮ ਚੁਕਿਆ। ਬਾਅਦ ਵਿਚ ਉਸ ਨੇ ਪੈਸੇ ਨਾਲ ਇਤਿਹਾਸਕਾਰ ਖ੍ਰੀਦ ਮਨਘੜਤ, ਮਨ-ਚਾਹੇ ਇਤਿਹਾਸ ਲਿਖਾਣੇ ਸ਼ੁਰੂ ਕਰ ਦਿਤੇ। ਇਸੇ ਲਈ ਅਜ਼ਾਦੀ ਦੇ ਪਹਿਲੇ ਲਿਖੇ ਇਤਿਹਾਸ ਪੂਰਨ ਸਚਾਈ ਭਰਪੂਰ ਨਹੀਂ ਕਿਉਂਕਿ **"भारतीय इतिहासकार, जिन्होंने शुरू में स्वतंत्रता संग्राम पर ग्रन्थ लिखे, अंग्रेज लेखकों के कथनों और तथ्यों पर निर्भर रहे।"** **(ਪੰਨਾ 8, गुरू राम सिंह और कूका विद्रोह)** ਪਰ ਇਸ ਦਾ ਮਤਲਬ ਇਹ ਨਹੀਂ ਕਿ ਅਜ਼ਾਦੀ ਤੋਂ ਪਹਿਲਾਂ ਲਿਖਿਆ ਹਰ ਗ੍ਰੰਥ, ਪੁਸਤਕ ਹੀ ਮਨਘੜਤ

Sri Satguru Jagjit Singh Ji eLibrary NamdhariElibrary@gmail.com

ਘਟਨਾਵਾਂ ਤੇ ਨਿਰਭਰ ਹੈ। ਸਰੇ ਲੇਖਕਾਂ ਵਲੋਂ ਨਿਰਪੱਖ ਹੋ ਲਿਖੀਆਂ ਕਿਤਾਬਾਂ, ਰਚਿਆ ਇਤਿਹਾਸ ਸਚਾਈ ਭਰਪੂਰ ਹੈ। ਅਜ਼ਾਦ ਭਾਰਤ ਵਿਚ ਵੀ ਅਜੇਹੀ ਕਿਸਮ ਦੇ ਇਤਿਹਾਸਕਾਰ ਅਜੇ ਮਿਲਦੇ ਹਨ, ਜਿਹੜੀ ਨਸਲ ਅੰਗ੍ਰੇਜ਼ ਨੇ ਪੈਦਾ ਕੀਤੀ ਸੀ। ਤੇ ਪੰਜਾਬ ਵਿਚ ਇਸ ਨਸਲ ਦੀ ਜਿੰਦਾ ਜਾਗਦਾ ਮਿਸਾਲ ਹਨ ਡਾ: ਗੰਡਾਂ ਸਿੰਘ ਜਿਨ੍ਹਾਂ ਦੀ ਆਪਣੀ ਹੀ ਇਕ ਨੀਤੀ ਹੈ, ਅੰਗ੍ਰੇਜ਼ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਤਰ੍ਹਾਂ **"ਗਲਤ ਨੂੰ ਠੀਕ ਤੇ ਠੀਕ ਨੂੰ ਗਲਤ ਕਹੋ।"** ਉਨ੍ਹਾਂ ਨੇ ਇਸ ਨੀਤੀ ਤੇ ਚਲ ਕੇ ਕਈ ਇਤਿਹਾਸਕ ਸਚਾਈਆਂ ਨੂੰ ਕੁਚਲ, ਮਨ-ਘੜਤ ਖਿਆਲਾਂ ਦੀ ਦੁਨੀਆਂ ਰਚ, ਕਿਤਾਬਾਂ, ਲੇਖ ਆਦਿ ਲਿਖੇ ਹਨ। ਜਿਹਾ ਕਿ ਵਿਸ਼ਾ ਚਲ ਰਿਹਾ ਸੀ ਅੰਗਰੇਜ਼ ਦੀਆਂ ਵਧੀਕੀਆਂ ਦਾ, ਸੋ ਅੰਗ੍ਰੇਜ਼ ਨੇ ਇਹ ਪੂਰੀ ਕੋਸ਼ਿਸ਼ ਕੀਤੀ ਸੀ ਕੇ ਲੋਗ ਭੁਲ ਹੀ ਜਾਣ ਕੇ ਕਦੇ ਭਾਰਤ ਵਿਚ ਨਾਮਧਾਰੀ ਨਾਂ ਦੀ ਕੋਈ ਇਨਕਲਾਬੀ ਲਹਿਰ ਉਠੀ ਸੀ। ਜਿਹਾ ਕੇ **"हमारे स्वतंत्रता संग्राम के इतिहास में गुरू राम सिंह और उनके द्वारा सचालित नामधारी–कूका आन्दोलन का एक विशेष स्थान है। इस आन्दोलन के महत्व से कम लोग परिचित हैं। इस में काई विस्मय की बात नहीं क्योंकि विदेशी शासन ने इस बात की पूरी कोशिश की कि लोग इन वीर क्रातिकारियों को, जिन्हों ने अपना जीवन बलिदान किया और यातनाए सहन कर देश में नव जीवन का संचार किया, सदा के लिए भूल जाएं।"** ਡਾ: ਗੰਡਾ ਸਿੰਘ ਜੀ ਨੇ ਅੰਗਰੇਜ਼ ਦੇ ਕਹਿਣ ਤੇ ਕੂਕਿਆਂ ਨੂੰ ਭੰਡਣ ਲਈ 1942 ਵਿਚ "ਕੂਕਿਆਂ ਦੀ ਵਿਥਿਆ" ਨਾਮਕ ਇਕ ਇਤਿਹਾਸਘਾਤਕ ਪੁਸਤਕ ਰਚੀ, ਤੇ ਫਿਰ ਉਸ ਤੋਂ ਬਾਅਦ ਕੋਸ਼ਿਸ਼ ਜਾਰੀ ਰਹੀ। ਅੰਗਰੇਜ਼ ਤੇ ਚਲੇ ਗਏ ਪਰ ਵਾਰਸ ਸ਼ਾਹ ਦੇ ਅਖਾਣ ਅਨੁਸਾਰ "ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੀ, ਭਾਵੇਂ ਪੋਰੀਆਂ 2 ਕਟੀਏ ਜੀ" ਆਦਤ ਪੈ ਚੁਕੀ ਹੈ ਚਿਕੜ ਉਛਾਲਣ ਦੀ। ਪਤਾ ਨਹੀਂ ਕੀ ਕਾਰਨ ਹੈ ਕੇ ਨਾਮਧਾਰੀਆਂ ਬਾਰੇ ਲਿਖਣ ਲਈ ਬੜੀ ਜਲਦੀ ਹੀ ਪ੍ਰੇਰਿਤ ਹੋ ਉਠਦੇ ਹਨ। ਭਾਵੇਂ ਉਨ੍ਹਾਂ ਦੀ ਲੇਖਣੀ ਵਿਚ ਜਾਨ ਹੋਵੇ ਨਾ ਹੋਵੇ। ਪਰ ਇਹ ਕਹਿਣਾ ਪਵੇਗਾ ਕਿ ਉਨ੍ਹਾਂ ਦੀ ਕਲਮ ਵਿਚ ਜਾਨ ਬਹੁਤ ਹੈ, ਪਾਠਕ ਇਕ ਵਾਰ

Sri Satguru Jagjit Singh Ji eLibrary NamdhariElibrary@gmail.com

ਤਾਂ ਮੋਹਿਤ ਹਏ ਬਿਨਾਂ ਨਹੀਂ ਰਹਿ ਸਕਦਾ। ਸਧਾਰਣ ਵਿਅਕਤੀ ਇਸ ਝੂਠ-ਪਸਾਰੇ ਨੂੰ ਸਚ ਹੀ ਮੰਨ ਲੈਂਦਾ ਹੈ ਪਰ ਬੁਧੀਮਾਨ ਜ਼ਰੂਰ ਚੱਕਰ ਵਿਚ ਫਸ ਜਾਂਦਾ ਹੈ ਤੇ ਮਜਬੂਰ ਹੋ ਜਾਂਦਾ ਹੈ ਸਚਾਈ ਭਾਲਣ ਲਈ। ਉਹ ਪਤਾ ਨਹੀਂ ਚਿੱਕੜ ਸੁਟਣ ਲਗੇ ਇਹ ਨਹੀਂ ਦੇਖਦੇ ਕੇ ਛਿਟੇ ਉਨ੍ਹਾਂ ਦੇ ਕਪੜਿਆਂ ਤੇ ਹੀ ਪੈ ਰਹੇ ਹਨ, ਨਾਮਧਾਰੀ ਤਾਂ ਉਨ੍ਹਾਂ ਤੋਂ ਕੋਹਾਂ ਦੂਰ ਬੈਠੇ ਹਨ। ਉਨ੍ਹਾਂ ਦੇ ਇਤਨਾ ਲਿਖਣ ਦੇ ਬਾਵਜੂਦ ਵੀ ਨਾਮਧਾਰੀਆਂ ਦੀ ਆਣ ਤੇ ਸ਼ਾਨ ਉਸੇ ਤਰ੍ਹਾਂ ਹੀ ਕਾਇਮ ਹੈ। ਉਨ੍ਹਾਂ ਦੀ ਇਹ ਇਛਾ ਪੂਰੀ ਨਹੀਂ ਹੋ ਸਕੀ ਕਿ ਕਿਸੇ ਤਰ੍ਹਾਂ ਆਮ ਜਨਤਾ ਇਹ ਕਹਿਣ ਲਗ ਪਏ ਕਿ ਨਾਮਧਾਰੀ ਦੇਸ਼ ਭਗਤ ਨਹੀਂ ਗਦਾਰ ਹਨ। ਪਰ ਪਤਾ ਨਹੀਂ ਸਿਆਣੇ ਲੋਗ ਕਿਉਂ ਨਹੀਂ ਸਮਝਦੇ ਡਾ: ਸਾਹਿਬ ਨੂੰ, ਸੱਚੇ ਲੇਖਕ ਕਿਉਂ ਨਹੀਂ ਲਿਖਣ ਤੋਂ ਹਟਦੇ ਕਿ ਨਾਮਧਾਰੀਆਂ ਨੇ ਦੇਸ਼ ਦੀ ਅਜ਼ਾਦੀ ਲਈ ਸਿਰ-ਧੜ ਦੀ ਬਾਜ਼ੀ ਲਾ ਦਿਤੀ ਸੀ। ਪਰ ਸਚਾਈ ਆਖ਼ਰ ਸਚਾਈ ਹੁੰਦੀ ਹੈ। ਇਸ ਨੂੰ ਸਦਾ ਲਈ ਕੁਚਲਿਆ ਨਹੀਂ ਜਾ ਸਕਦਾ। ਆਖਰ ਇਕ ਨਾ ਇਕ ਦਿਨ ਇਹ ਸਾਹਮਣੇ ਆ ਹੀ ਜਾਂਦੀ ਹੈ। ਸ਼ਾਇਦ ਡਾ: ਸਾਹਿਬ ਤਾਂ ਇਸ ਸ਼ੇਅਰ ਦੇ ਸਿਧਾਂਤ ਤੇ ਚਲਦੇ 2 ਅਗੇ ਵਧਦੇ ਜਾ ਰਹੇ ਹਨ, ਜੋ ਇਸ ਪ੍ਰਕਾਰ ਹੈ :

"ਗੋਲੀ ਮਾਰੋ ਸਾਫ਼ਗੋਈ ਕੋ ਨਾ ਇਸ ਕਾ ਨਾਮ ਲੋ।
ਜਬ ਮੁਸੀਬਤ ਆਏ ਦਾਮਨ ਝੂਠ ਕਾ ਤੁਮ ਥਾਮ ਲੋ।"

ਮੈਂ ਡਾਕਟਰ ਸਾਹਿਬ ਨੂੰ ਇਕ ਸਲਾਹ ਦੇਣਾ ਚਾਹੁੰਦਾ ਹਾਂ, ਵੈਸੇ ਸਲਾਹ ਦੇਣ ਦੀ ਲੋੜ ਨਹੀਂ ਕਿਉਂਕਿ ਉਹ ਮੇਰੇ ਨਾਲੋਂ ਕਿਤੇ ਵਡੇਰੇ ਹਨ, ਕੇਵਲ ਉਮਰ ਵਿਚ ਹੀ ਨਹੀਂ ਸਗੋਂ ਅਕਲ ਵਿਚ ਵੀ. ਜੇ ਮੈਂ ਇਹ ਕਹਾਂ ਕਿ ਉਮਰ ਵਿਚ ਉਹ ਮੇਰੇ ਪਿਤਾ ਸਮਾਨ ਹਨ ਤਾਂ ਗਲਤ ਨਹੀਂ ਹੋਵੇਗਾ। ਪਰ ਤੁਸੀਂ ਆਖੋਗੇ ਕਿ ਪਿਤਾ ਸਮਾਨ ਮਨੁੱਖ ਨੂੰ ਕਦੀ ਬਚੇ ਵੀ ਸਲਾਹ ਦਿੰਦੇ ਹਨ, ਪਰ ਦੋਸਤੋ! ਠੀਕ ਕੰਮ ਲਈ ਬਚੇ ਦਾ ਸਲਾਹ ਦੇਣਾ ਵੀ ਜਾਇਜ਼ ਹੁੰਦਾ ਹੈ, ਦਰਅਸਲ ਗਲ ਤਾਂ ਇਹ ਹੈ :

"ਝੂਠ ਆਖਾਂ ਤਾਂ ਕੁਝ ਬਚਦਾ ਏ, ਸੱਚ ਆਖਾਂ ਤਾਂ ਭਾਂਬੜ ਮਚਦਾ ਏ।
ਦਿਲ ਦੋਹਾਂ ਗਲਾਂ ਤੋਂ ਜਚਦਾ ਏ, ਜਚ 2 ਕੇ ਜੀਭਾ ਕਹਿੰਦੀ ਏ।
ਮੂੰਹ ਆਈ ਬਾਤ ਨਾ ਰਹਿੰਦੀ ਏ।" **(ਬੁਲ੍ਹੇਸ਼ਾਹ)**

Sri Satguru Jagjit Singh Ji eLibrary NamdhariElibrary@gmail.com

ਸੋ ਗਲ ਮੂੰਹ ਤੇ ਆ ਚੁਕੀ ਹੈ ਰੁਕ ਨਹੀਂ ਸਕਦੀ, ਤੇ ਗਲ ਇਹ ਹੈ ਕਿ ਹੁਣ ਡਾ: ਸਾਹਿਬ ਨੂੰ ਝੂਠ ਦਾ ਸਹਾਰਾ ਲੈਣਾ ਛਡ ਦੇਣਾ ਚਾਹੀਦਾ ਹੈ, ਹੁਣ ਕਿਸੇ ਤੇ ਚਿਕੜ ਸੁਟਣ ਦੀ ਬਜਾਏ ਉਹ ਸਮਾਜ ਲਈ ਕੁਝ ਕਰਕੇ ਵਿਖਾਣ, ਕੁਝ ਇਹੋ ਜਿਹਾ ਲਿਖ ਜਾਣ, ਜਿਹੋ ਜਿਹਾ ਲਿਖਣ ਦੀ ਇਛਾ ਵਿਚ ਜੋਨ ਮਿਲਟਨ ਆਪਣੀਆਂ ਅਖਾਂ ਦੀ ਲੋਅ ਖੋ ਬੈਠਾ ਸੀ। ਕੁਝ ਸਾਡੇ ਵਰਗੇ ਅਣਜਾਨਾਂ ਨੂੰ ਆਪਣੀ ਯਾਦਗੀਰ ਦੇ ਜਾਣ, ਤਾ ਕਿ ਉਨ੍ਹਾਂ ਦੇ ਲਿਖੇ ਸੁਨਿਹਰੀ ਅਸੂਲਾਂ ਤੋਂ ਅਸੀਂ ਕੁਝ ਲਾਭ ਉਠਾ ਸਕੀਏ, ਨਹੀਂ ਤਾਂ ਉਨ੍ਹਾਂ ਦੀ ਪ੍ਰਾਪਤ ਕੀਤੀ ਕਲਮ ਦੀ ਤਾਕਤ ਵਗਦੀ ਗੰਗਾ ਦੀ ਤੇਜ਼ ਧਾਰਾ ਵਾਂਗ ਵਹਿ ਜਾਵੇਗੀ ਤੇ ਹਥ ਕੁਝ ਨਹੀਂ ਆਉਣਾ। ਅਗੋਂ ਉਨ੍ਹਾਂ ਤੇ ਨਿਰਭਰ ਕਰਦਾ ਹੈ। ਮੈਂ ਕੁਝ ਵਿਸ਼ੇ ਤੋਂ ਦੂਰ ਚਲਾ ਗਿਆ ਸੀ, ਪਿਛੇ ਜਿਹੇ ਡਾ: ਸਾਹਿਬ ਨੇ ਇਕ ਲੇਖ "ਕੀ ਕੂਕਾ ਲਹਿਰ ਸਰਕਾਰ ਅੰਗਰੇਜ਼ੀ ਵਿਰੁਧ ਇਕ ਬਗਾਵਤ ਸੀ" ਗਿਆਨ ਅੰਮ੍ਰਿਤ ਦੇ ਫਰਵਰੀ ਤੇ ਮਾਰਚ 1975 ਦੇ ਅੰਕ ਵਿਚ ਪ੍ਰਕਾਸ਼ਿਤ ਕਰਵਾ-ਇਆ ਸੀ। ਇਸ ਵਿਚ ਕੁਝ ਨਵਾਂ ਸੀ ਸਗੋਂ Old wine in a new bottel ਸੀ। ਇਥੇ ਮੈਂ ਇਸ ਲੇਖ ਦਾ ਜਿਕਰ ਇਸ ਲਈ ਕੀਤਾ ਹੈ ਕਿਉਂਕਿ ਵਿਸ਼ਾ ਕਾਫੀ ਹਦ ਤਕ ਮਿਲਦਾ ਜੁਲਦਾ ਹੈ। ਸੋ ਇਸ ਲਈ ਡਾ: ਸਾਹਿਬ ਲਈ ਖਾਸ ਕਰ ਅਤੇ ਆਮ ਜਨਤਾ ਲਈ ਇਹ ਲੇਖ ਲਿਖ ਰਿਹਾ ਹਾਂ। ਉਮੀਦ ਹੈ ਜੇ ਡਾ: ਸਾਹਿਬ ਵਿਚ ਕੁਝ ਸਿਆਣਪ ਹੋਈ ਤਾਂ ਅਗੇ ਤੋਂ ਅਜੇਹਾ ਕੋਝਾ ਲਿਖਣ ਦੀ ਕੋਸ਼ਿਸ਼ ਨਹੀਂ ਕਰਨਗੇ। ਹਾਂ ਤਾਂ ਕੁਝ ਸਮੇਂ ਤੋਂ ਹੀ ਆਮ ਜਨਤਾ ਨੇ ਇਨ੍ਹਾਂ ਲੋਕਾਂ ਨੂੰ ਸਮਝਣਾ ਸ਼ੁਰੂ ਕੀਤਾ ਹੈ। ਪਹਿਲਾਂ ਪਹਿਲਾਂ ਤਾਂ ਇਹ ਗੁਲਾਮੀ ਦੇ ਸ਼ਿਕਾਰ ਲੋਗ ਭੁਲ ਗਏ ਸਨ ਕਿ ਕਾਮਧਾਰੀਆਂ ਨੇ ਵੀ ਕੁਝ ਕੀਤਾ ਸੀ ਦੇਸ਼ ਖਾਤਰ। ਸਾਇਦ ਇਸੇ ਕਰਕੇ **ਸ਼ਹੀਦ ਭਗਤ ਸਿੰਘ** ਨੇ ਲੋਕਾਂ ਦੇ ਮਨਾਂ ਵਿਚ ਇਨ੍ਹਾਂ ਦੇਸ਼-ਭਗਤਾਂ ਪ੍ਰਤੀ ਚੰਗੀ ਭਾਵਨਾ ਪੈਦਾ ਕਰਨ ਹਿਤ ਇਹ ਕਿਹਾ ਸੀ, ਲੋਕਾਂ ਦੇ ਮਨਾਂ ਤੇ ਪਏ ਭੁਲੇਖੇ ਦੇ ਗਲਬੇ ਨੂੰ ਉਡਾਨ ਖਾਤਰ ਉਸ ਲਿਖਿਆ ਸੀ "ਕੂਕਾ ਲਹਿਰ ਦਾ ਇਤਿਹਾਸ ਹਾਲ ਤਕ ਲੋਕਾਂ ਸਾਹਮਣੇਂ ਨਹੀਂ ਆਇਆ ਕਿਸੇ ਨੇ ਇਸਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਭੁਲੜ ਤੇ ਮੂਰਖ ਕਹਿ ਕੇ ਆਪਣੇ ਫ਼ਰਜ਼ ਤੋਂ ਲਾਂਭੇ ਹੋ ਜਾਂਦੇ ਹਾਂ, ਸਵਾਰਥ ਜਾਂ ਲੋਭ ਲਈ ਉਹਨਾਂ ਨੂੰ ਆਪਣੀਆਂ ਜਾਨਾਂ ਦਿਤਿਆਂ ਹੁੰਦੀਆਂ ਤਾਂ ਅਸੀਂ ਅਣਗਹਿਲੀ ਦਿਖਾ ਸਕਦੇ ਹਾਂ। ਪਰ ਉਹਨਾਂ ਦੀ ਮੂਰਖਤਾ ਵਿਚ ਵੀ

ਦੇਸ਼ ਪਰੇਮ ਕੁਟ ਕੁਟ ਕੇ ਭਰਿਆ ਹੋਇਆ ਸੀ। ਉਹ ਤਾਂ ਤੋਪਾਂ ਸਾਹਮਣੇ ਵੀ ਹਸ ਦਿੰਦੇ ਸਨ ਉਹ ਅਨੰਦ ਨਾਲ 'ਸਤਿ ਸ੍ਰੀ ਅਕਾਲ" ਦੇ ਅਕਾਸ਼ ਗੂੰਜਾਊ ਜੈਕਾਰਿਆ ਨਾਲ ਅਕਾਸ਼ ਪਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮਥਿਆਂ ਉਤੇ ਦੁਖ ਫ਼ਿਕਰ ਜਾਂ ਪਛਤਾਵੇ ਦੀ ਰੇਖਾ ਵੀ ਨਹੀਂ ਦਿਸਦੀ। ਕੀ ਉਹ ਭੁਲ ਜਾਣ ਵਾਲੇ ਹਨ ? ਉਨ੍ਹਾਂ ਦਾ ਅਪਰਾਧ ਸ਼ਾਇਦ ਅਸਫ਼ਲਤਾ ਤੋਂ ਬਿਨਾਂ ਕੁਝ ਵੀ ਨਹੀਂ ਸੀ ਪਰ ਸਕਾਟਲੈਂਡ ਦਾ ਬਹਾਦਰ ਵਿਲਿਅਮ ਵਾਲਿਸ ਵੀ ਤਾਂ ਅਸਫਲ ਹੋ ਕੇ ਮੌਤ ਦੀ ਸਜ਼ਾ ਦਾ ਭਾਗੀ ਬਣ ਗਿਆ ਸੀ। ਉਹ ਦੀ ਤਾਂ ਅਜ ਸਾਰਾ ਇੰਗਲੈਂਡ ਪੂਜਾ ਕਰਦਾ ਹੈ। ਫਿਰ ਸਾਡੇ ਦੇਸ਼ ਭਗਤ ਹੀ ਕਿਉਂ ਭੁਲਾ ਕੇ ਘੁਪ ਹਨੇਰੇ ਵਿਚ ਸੁਟ ਦਿਤੇ ਜਾਣ। ਅਸੀਂ ਸਮਝਦੇ ਹਾਂ ਕਿ ਸਾਡੇ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬਹੁਤ ਵਡੀ ਅਹਿਸਾਨ ਫਰਾਮੋਸ਼ੀ ਹੋਵੇਗੀ। ਅਸੀਂ ਉਨ੍ਹਾਂ ਦੀ ਯਾਦ ਵਿਚ ਕੋਈ ਵਡਾ ਥੰਮ ਨਹੀਂ ਖੜਾ ਰ ਸਕਦੇ ਤਾਂ ਆਪਣੇ ਦਿਲ ਵਿਚ ਥੋਹੜੀ ਜਿਹੀ ਥਾਂ ਦੇਣੋਂ ਵੀ ਕਿਉਂ ਝਿਜਕੀਏ। "(ਮਹਾਨ ਕੂਕਾ ਲਹਿਰ **ਭਗਤ ਸਿੰਘ ਸ਼ਹੀਦ**) ਸ਼ਾਇਦ **ਸੁਭਾਸ਼ ਚੰਦਰ ਬੋਸ** ਨੇ ਨਾਮਧਾਰੀਆਂ ਨੂੰ ਉਨ੍ਹਾਂ ਦੇ ਵਿਰਸੇ ਤੋਂ ਜਾਣੂ ਕਰਾਉਣ ਤੇ ਆਮ ਲੋਕਾਂ ਨੂੰ ਸ਼ਹੀਦਾਂ ਦੀ ਯਾਦ ਦਿਵਾਉਣ ਖਾਤਰ ਹੀ ਕਿਹਾ ਸੀ।

**"गुरू राम सिंह जी के फहराए हुए आजादी के झण्डे के नीचे नामधारी कूकों ने जो कुर्बानियां की हैं, उन पर देश सदा गौरव करेगा अब फिर भारतीयों के देश प्रेम की परीक्षा होने वाली है। और सदियों से अहिंसात्मक असहयोग आन्दोलन का अनुभव रखने वाले नामधारी वीर कूकों से यही आशा है कि वह स्वतन्त्रता का झण्डा उठाकर आगे आगे बढ़ते दिखाई देते रहेंगे और दूसरे देशवासीयों को भी बलिदान के लिए उत्साहित करते रहेंगे। गुरू राम सिंह जो भारत में अहिंसात्मक असयोग के सर्व प्रथम नेता रहे।"**

ਪਰ ਪਤਾ ਨਹੀਂ ਲਗਦਾ ਉਹ ਲੇਖਕ ਜੋ ਇਹ ਲਿਖਦੇ ਹਨ ਕਿ ਨਾਮ-ਧਾਰੀਆਂ ਨੇ ਅਜ਼ਾਦੀ ਸੰਗ੍ਰਾਮ ਵਿਚ ਹਿਸਾ ਨਹੀਂ ਪਾਇਆ, ਇੰਜ ਲਗਦਾ ਹੈ ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਨੇ ਆਪਣਾ ਇਤਿਹਾਸ (ਪੁਰਾਤਣ) ਵਾਚਣ ਤੋਂ ਬਿਨਾਂ ਹੀ ਨਵ-ਨਿਰਮਾਣ ਸ਼ੁਰੂ ਕਰ ਕਰ ਦਿਤਾ ਹੈ। ਓ ਦੋਸਤੋ ! ਜੇ ਕਿਤੇ ਨਾਮਧਾਰੀਆਂ ਨੇ ਗੁਲਾਮੀ ਦੇ ਲਾਏ ਜਾਲ ਨੂੰ ਫੂਕਣ ਹਿਤ ਆਪਾ ਫੂਕ ਨਾ ਦਿਤਾ ਹੁੰਦਾ, ਸਤਿਗੁਰੂ ਰਾਮ ਸਿੰਘ ਜੀ ਨੇ ਜੇ ਕਿਤੇ ਉਹ ਸ਼ਾਂਤ ਮਾਰਗ ਨਾ ਰੁਸ਼ਨਾਇਆ ਹੁੰਦਾ (ਜਿਸਤੇ ਪਿਛੋਂ ਗਾਂਧੀ ਜੀ ਨੇ ਚਲ ਸਫਲਤਾ ਪ੍ਰਾਪਤ ਕੀਤੀ) ਤਾਂ ਡਾ: **ਰਾਜਿੰਦਰ ਪ੍ਰਸਾਦ** ਨੂੰ ਇਹ ਨਾ ਲਿਖਣਾ ਪੈਂਦਾ ਕਿ **"गुरू राम सिंह राजसी आजादी को धर्म का एक अंग मानते थे। नामधारीयों का संगठन बहुत बलशाली बन गया था। असहियोग अन्दोलन के सिद्धांत जो महात्मा गांधी ने हमारी आजादी लहिर के लिए बहुत उत्साह से अपनाये, गुरू राम सिंह ने नामधारीयों के लिए उत्पन्न किये थे।"** **ਪੰਡਤ ਨੇਹਰੂ** ਨੂੰ ਇਹ ਨਾ ਕਹਿਣਾ ਪੈਂਦਾ **"श्री सद्गुरू राम सिंह जी ने अपनी मातृभूमि की स्वतन्त्रता के लिए आज से 75 वर्ष पहले जो महान गौरवशाली प्रयास किया था उसके महत्व से कोई भी भारतीय इन्कार नहीं कर सकता। कांग्रेस ने आपके बताए और दिखाए हुए मार्ग पर चल कर शानदार सफलताएं प्राप्त की हैं।"** ਵਾਸੋਓ ਗਲ ਤਾਂ ਇਹ ਹੈ ਕਿ, ਕੇਵਲ ਸਤਿਗੁਰੂ ਰਾਮ ਸਿੰਘ ਜੀ ਹੀ ਇਕ ਅਜੇਹੀ ਸ਼ਖਸ਼ੀਅਤ ਸੀ ਜਿਸਨੇ ਸਭ ਤੋਂ ਪਹਿਲਾਂ ਅੰਗਰੇਜ਼ਾਂ ਵਿਰੁਧ ਅਵਾਜ ਉਠਾਈ। ਉਸ ਤੋਂ ਪਹਿਲਾਂ ਜਿਸ ਜਿਸ ਨੇ ਵੀ ਅੰਗਰੇਜ ਵਿਰੁਧ ਕਦਮ ਚੁਕਿਆ, ਆਪਸੀ ਹਿਤਾਂ ਦਾ ਸਿਟਾ ਸੀ, ਉਨ੍ਹਾਂ ਦੇ ਮਨਾਂ ਵਿਚੋਂ ਆਪਸੀ ਮੁਫ਼ਾਦਾਂ ਦੀ ਬੂ ਆਉਂਦੀ ਸੀ ! "1669 ਤੋਂ 1857 ਤਕ ਅੰਗਰੇਜੀ ਸਰਕਾਰ ਵਿਰੁਧ ਘੋਲ ਕਰਨ ਦਾ ਯਤਨ ਕੀਤਾ ਪਰ ਉਹ ਸਫ਼ਲ ਨਾ ਹੋਏ ਕਿਉਂਕਿ ਸਭ ਦਾ ਨਿਜੀ ਮੁਫਾਦ (ਲਾਭ) ਦਾ ਉਦੇਸ਼ ਸੀ ਭਾਰਤ ਵਿਚ ਲੋਕ ਰਾਜ (ਸਵਰਾਜ) ਕਾਇਮ ਕਰਨ ਦਾ ਉਦੇਸ਼ ਪਹਿਲੀ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਅਪਣਾਇਆ ਐਸਾ ਬੀਜ ਬੀਜਿਆ ਜੋ ਅਮਰ ਰਿਹਾ ਜਿਸਦਾ ਫਲ ਸਰੂਪ ਅਜ ਭਾਰਤ ਵਿਚ ਗਨਰਾਜ ਕਾਇਮ ਹੈ।" **(ਸਵਰਾਜ ਦੀ ਸ਼ਮਾ ਦੇ ਪੰਨਾ 273 ਤੇ ਗਿਆਨੀ ਤ੍ਰਿਲੋਕ ਸਿੰਘ)** ਪਰ ਗਿਆਨੀ ਜੀ ਦੀਆਂ ਇਹ ਲਾਈਨਾਂ ਪੜ੍ਹ ਤਾਂ ਸਗੋਂ ਸ਼ੰਕਾ ਉਤਪੰਨ ਹੋ ਜਾਂਦਾ ਹੈ ਕਿ ਅਸੀਂ ਤਾਂ ਕਹਿੰਦੇ ਹਾਂ

Sri Satguru Jagjit Singh Ji eLibrary NamdhariElibrary@gmail.com

1857 ਦਾ ਗਦਰ ਜੰਗੇ ਅਜ਼ਾਦੀ ਦਾ ਮੁੱਢ ਸੀ ਪਰ ਗਿਆਨੀ ਜੀ ਕਹਿੰਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਸੰਗ੍ਰਾਮ ਦਾ ਸ਼ੁਰੂ ਆਦਿ ਕੀਤਾ, ਆਖਰ ਸਚਾਈ ਹੈ ਕੀ ? ਤੇ ਸਚਾਈ ਉਹ ਹੀ ਹੈ ਜੋ ਗਿਆਨੀ ਜੀ ਕਹਿੰਦੇ ਹਨ । ਭਾਵ ਕਿ 1857 ਦਾ ਗਦਰ ਆਪਸੀ ਖਿਚੋਤਾਣ ਦਾ ਸਿਟਾ ਸੀ । ਕਿਉਂਕਿ ਰਾਣੀ ਲਕਸ਼ਮੀ ਬਾਈ ਨੂੰ ਮੁਤਬੰਨਾ ਬਣਾਨ ਦੀ ਇਜ਼ਾਜਤ ਨਾ ਮਿਲਣਾ, ਨਾਨ੍ਹਾ ਫਰਨਵੀਸ ਦੀ ਪੈਨਸ਼ਨ ਬੰਦ, ਕਈਆਂ ਦੇ ਇਲਾਕੇ ਖੁਸ ਜਾਣਾ, ਬਹਾਦੁਰ ਸ਼ਾਹ ਦਾ ਤਖਤੋ-ਤਾਜ਼ ਤੇ ਫੌਜਾਂ ਵਿਚ ਭੜਕਾਹਟ ਦਾ ਕਾਰਨ ਗਊ ਸੂਰ ਦੀ ਚਰਬੀ ਦੀ ਵਰਤੋਂ ਕਰ ਬਣੇ ਕਾਰਤੂਸਾਂ ਦੇ ਵਰਤਣ ਲਈ ਫੌਜੀਆਂ ਨੂੰ ਕਹਿਣਾ । ਪਰ ਕੀ ਅਜੇਹਾ ਕੋਈ ਕਾਰਨ ਨਾਮਧਾਰੀਆਂ ਵਲੋਂ ਚੁਕੇ ਕਦਮ **ਪਿਛੇ ਵੀ ਸੀ**, ਜਿਸ ਕਾਰਨ ਉਨ੍ਹਾਂ ਨੇ ਕੁਰਬਾਨੀਆਂ ਦਿਤੀਆਂ ਕੀ ਉਨ੍ਹਾਂ ਦਾ ਵੀ ਤਖਤੋ ਤਾਜ ਖੁਸ ਗਿਆ ਸੀ, ਕੀ ਸਤਿਗੁਰੂ ਰਾਮ ਸਿੰਘ ਜੀ ਦੀ ਮਲਕੀਅਤ ਜ਼ਬਤ ਕਰ ਲਈ ਗਈ ਸੀ, ਪਰ ਹਾਂ ਇਕ ਦੁਖ ਜਰੂਰ ਸੀ ਕੂਕਿਆਂ ਵਲੋਂ ਆਵਾਜ਼ ਉਠਾਏ ਜਾਣ ਪਿਛੇ, ਤੇ ਉਹ ਇਹ ਸੀ ਦੇਸ਼ ਗਦਾਰਾਂ ਵਲੋਂ ਦੇਸ਼ ਕੰਗਾਲ ਕੀਤੇ ਜਾਣਦਾ, ਗੁਲਾਮੀ ਦਾ ਚੋਲਾ ਪਹਿਨਾਏ ਜਾਣ ਦਾ । ਜੇ ਅਸੀਂ ਕਹਿਏ ਕਿ ਨਾਮਧਾਰੀਆਂ ਦੇ ਦਿਲਾਂ ਵਿਚ ਗਊ ਕਤਲ ਕੀਤੇ ਜ਼ਾਣ ਦਾ ਰੋਸ ਸੀ, ਤਾਂ ਇਹ ਠੀਕ ਹੈ ਪਰ ਇਸ ਪਿਛੇ ਕੀ ਕਾਰਨ ਸੀ ਉਹ ਇਹ ਆਮ ਲੋਗ ਨਹੀਂ ਜਾਣਦੇ, ਇਥੇ ਇਤਨਾ ਹੀ ਕਹਿ ਦੇਣਾ ਠੀਕ ਰਹੇਗਾ ਕਿ ਜੇ ਨਾਮਧਾਰੀਆਂ ਦੇ ਮਨਾਂ ਵਿਚ ਗਊ ਵੱਧ ਹੋਣ ਦਾ ਦੁਖ ਸੀ ਤਾਂ ਉਹ ਸਰਵ-ਭਾਰਤ ਦੇ ਹਰ ਵਾਸੀ ਲਈ ਦੁਖ ਭਰਪੂਰ ਘਟਨਾ ਸੀ ਜੇ ਨਾਮਧਾਰੀਆਂ ਨੇ ਕਦਮ ਚੁਕਿਆ ਤਾਂ ਸਰਵ-ਭਲਾਈ ਲਈ ਚੁਕਿਆ ਨਾਂ ਕਿ ਜਾਤੀ-ਹਿਤਾ ਲਈ ਚੁਕਿਆ ਸੀ ।

ਕੇਵਲ ਮੈਂ ਹੀ ਇਹ ਨਹੀਂ ਕਹਿੰਦਾ ਕਿ 1857 ਦਾ ਗਦਰ ਅਜ਼ਾਦੀ ਸੰਗ੍ਰਾਮ ਦਾ ਮੁਢ ਨਹੀਂ, ਸਗੋਂ ਹੋਰ ਵੀ ਕਈ ਕਹਿੰਦੇ ਹਨ । ਉਦਾਹਰਣ ਵਜੋਂ **ਡਾ ਮੋਜ਼ਮਦਾਰ** ਇਸ ਨਾਲ ਸਹਿਮਤ ਨਹੀਂ ਹਨ ਕਿ 1857 ਦਾ ਗਦਰ ਅਜ਼ਾਦੀ ਦੇ ਨਗਾਰੇ ਤੇ ਪਹਿਲੀ ਚੋਟ ਸੀ । ਇਕ ਹੋਰ ਲੇਖਕ ਲਿਖਦਾ ਹੈ, "1857 ਦਾ ਗਦਰ ਦੇਸ਼ ਦੇ ਸਾਰੇ ਵਸਨੀਕਾਂ ਜਾਂ ਫੌਜ ਦਾ ਗਦਰ ਨਹੀਂ ਸੀ, ਸਗੋਂ ਯੂ. ਪੀ. ਦੀਆਂ ਦੇਸੀ ਪਲਟਨਾਂ ਨੇ ਕੀਤਾ ਸੀ ਜੋ ਅੰਗਰੇਜ਼ ਦੀਆਂ ਨੋਕਰ ਸਨ । ਉਨ੍ਹਾਂ ਨੂੰ ਅੰਗਰੇਜ਼ ਨੇ ਪਲਟਨਾਂ ਵਿਚ ਰਾਈਫਲਾਂ ਲਈ ਨਵੇਂ ਕਾਰਤੂਸ

ਚਾਲੂ ਕੀਤੇ ਸਨ। ਜਿਨ੍ਹਾਂ ਉਪਰ ਇਕ ਮੋਮੀ ਕਾਗਜ਼ ਲਗਾ ਹੁੰਦਾ ਸੀ ਫ਼ਾਇਰ ਕਰਨ ਸਮੇਂ ਦੰਦਾਂ ਨਾਲ ਕਟਣਾ ਪੈਂਦਾ ਸੀ। ਇਸ ਕਾਗਜ਼ ਸਬੰਧੀ ਹਿੰਦੂ ਅਤੇ ਮੁਸਲਮਾਨ ਪਲਟਨ ਵਿਚ ਪ੍ਰਚਾਰ ਕੀਤਾ ਗਿਆ ਕਿ ਇਸ ਦੇ ਬਨਾਣ ਵਿਚ ਗਾਂ ਅਤੇ ਸੂਰ ਦੀ ਚਰਬੀ ਵਰਤੀ ਜਾਂਦੀ ਹੈ। ਜੋ ਕਿ ਦੰਦੇ ਲਾਉਣੀ ਧਾਰਮਿਕ ਤੌਰ ਤੇ ਹਿੰਦੂਆਂ ਅਤੇ ਮੁਸਲਮਾਨਾਂ ਲਈ ਹਰਾਮ ਹੈ। ਸੋ ਕੁਝ ਪਲਟਨਾਂ ਨੇ ਇਹ ਕਾਰਤੂਸ ਲੈਣ ਤੋਂ ਇਨਕਾਰ ਕਰ ਦਿਤਾ, ਉਨ੍ਹਾਂ ਵਿਰੁਧ ਐਕਸ਼ਨ ਲਿਆ ਗਿਆ ਤਾਂ ਬਗ਼ਾਵਤ ਹੋ ਗਈ। ਐਸੀ ਭੜਕਾਹਟ ਦੇਣ ਦਾ ਕਾਰਨ ਕੀ ਸੀ, ਦੇਸ਼ ਨੂੰ ਅਜ਼ਾਦ ਕਰਾਣਾ ਜਾਂ ਕੁਝ ਹੋਰ, ਗਦਰ ਦੀ ਗੋਂਦ ਗੁੰਦਣ ਵਾਲੇ ਵਡੇ ਰਜਵਾੜੇ ਤੇ ਜਾਗੀਰਦਾਰ ਸਨ, ਜਿਨ੍ਹਾਂ ਦੇ ਅਖਤਿਆਰ ਅੰਗਰੇਜ਼ ਨੇ ਕਾਫੀ ਘਟਾ ਦਿਤੇ ਸਨ ਤੇ ਕਈਆਂ ਦੇ ਇਲਾਕੇ ਖੋਹ ਕੇ ਭੀ ਅੰਗਰੇਜ਼ੀ ਰਾਜ ਵਿਚ ਮਿਲਾ ਲਏ ਗਏ ਸਨ।" (ਪੰਨਾ 18—19 ਸੰਤ ਸਿਪਾਹੀ ਸਤੰਬਰ ਅੰਕ 1974) ਇਕ ਗਲ ਹੋਰ, ਜੇ ਇਹ ਵੀ ਮੰਨ ਲਈਏ ਕਿ 1857 ਦਾ ਗਦਰ ਹੀ ਅਜ਼ਾਦੀ ਸੰਗ੍ਰਾਮ ਦਾ ਮੁਢ ਸੀ, ਤਾਂ ਵੀ ਸਾਡਾ ਇਹ ਕਹਿਣਾ ਸਰੋ-ਸਰ ਗਲਤ ਹੈ ਕਿਉਂਕਿ "Nearby one month before the out break of the rebellion of 1857, Guru Ram Singh raised a new flag to be upheld uttered a new pledge to be fulfilled and saw a new vision to be realised" **(Page 4 of Kukas by M.M. Ahluwalia)**

ਸੋ ਸਚਾਈ ਤਾਂ ਇਹ ਹੈ ਕਿ ਅਜ਼ਾਦੀ ਸੰਗ੍ਰਾਮ ਦੇ ਸੰਚਾਲਕ ਸਤਿਗੁਰੂ ਰਾਮ ਸਿੰਘ ਜੀ ਸਨ। ਇਹ ਗੱਲ ਵਖਰੀ ਹੈ ਕਿ "ਭਾਰਤ ਦੀ ਅਜ਼ਾਦੀ ਦਾ ਐਲਾਨ 15 ਅਗਸਤ ਸੰਨ 1947 ਨੂੰ ਸਰਬ ਹਿੰਦ ਕਾਂਗਰਸ ਕਮੇਟੀ ਦੀ ਮੁਖਤਾ ਦੇ ਅਧਾਰ ਤੇ ਹੋਇਆ, ਕਾਂਗਰਸੀ ਕਹਿੰਦੇ ਨਹੀਂ ਥਕਦੇ। ਪਰ ਜੇ ਸੱਚੇ ਸੁਚੇ ਦਿਲ ਨਾਲ ਇਸ ਗਲ ਨੂੰ ਗਹੁ ਨਾਲ ਵਾਚੀਏ ਤਾਂ ਸੁਤੇ ਹੀ ਸਿਧ ਹੁੰਦਾ ਹੈ ਕਿ ਇਸ ਮਿਲੀ ਸੁਤੰਤਰਤਾ ਦਾ ਸਿਹਰਾ ਭਾਰਤ ਦੇ ਮਹਾਨ ਸਪੂਤ ਦੇਸ਼ ਭਗਤ ਸ੍ਰੀਮਾਨ ਬਾਬਾ ਰਾਮ ਸਿੰਘ ਜੀ ਦੇ ਸਿਰ ਬਝਦਾ ਹੈ ਕਿਉਂਕਿ ਆਪ ਜੀ ਨੇ ਉਸ ਵੇਲੇ ਦੇਸ਼ ਚੋਂ ਗੁਲਾਮੀ ਨੂੰ ਦੂਰ ਕਰਨ ਲਈ ਜੰਤਾ ਨੂੰ ਜਥੇਬੰਦ ਕੀਤਾ ਜਦ ਕਿ ਅੰਗਰੇਜ਼ ਦੇ ਰਾਜ ਵਿਚ ਸੂਰਜ ਨਹੀਂ ਸੀ ਡੁਬਦਾ। ਗੋਰੀ ਸਰਕਾਰ ਦੇ ਵਿਰੁਧ ਕੋਈ ਅੰਦੋਲਨ ਚਲਾਣਾ ਤਾਂ ਕਿਤੇ ਰਿਹਾ

Sri Satguru Jagjit Singh Ji eLibrary NamdhariElibrary@gmail.com

ਸਰਕਾਰ ਦੇ ਖਿਲਾਫ ਗਲ ਕਰਨੀ ਵੀ ਮੌਤ ਸਹੇੜ[illegible] ਦੇ ਤੁਲ ਸੀ। ਉਸ ਵੇਲੇ ਬਾਬਾ ਰਾਮ ਸਿੰਘ ਜੀ ਨੇ ਅਜ਼ਾਦੀ ਦੀ ਪ੍ਰਾਪਤੀ ਲਈ ਨਗਾਰੇ ਤੇ ਚੋਟ ਲਾ ਨਿਰਭੈ ਹੋ ਕੁੰਭ-ਕਰਨ ਦੀ ਨੀਂਦੇ ਸੁਤੇ ਭਾਰਤ ਨੂੰ ਟੁੰਬ ਜਗਾਇਆ ਤੇ ਜੰਤਾ ਨੂੰ ਕਿਹਾ ਕਿ ਦੇਸ਼ ਸਾਡਾ ਹੈ। ਇਸ ਤੇ ਰਾਜ ਕਰਨਾ ਸਾਡਾ ਜਮਾਂਦਰੂ ਹੱਕ ਹੈ।" ("ਭਾਰਤ ਦੇ ਸੁਤੰਤਰਤੀ ਦੇ ਮੋਢੀ" ਵਲੋਂ **ਸ: ਲਾਲ ਸਿੰਘ ਬੇਦੀ** ਸਹਿਤਕਾਰ "ਸਤਿਜੁਗ" 20 ਫਰਵਰੀ 1975) ਇਹ ਤਾਂ ਰਹੀ 1857 ਦੇ ਗਦਰ ਬਾਰੇ।

ਮੈਂ ਤਾਂਇਹ ਸਿਧ ਕੀਤਾ ਹੈ ਕਿ ਸਤਿਗੁਰੂ ਰਾਮ ਨੇ ਹੀ ਸਭ ਤੋਂ ਪਹਿਲਾਂ ਅਜ਼ਾਦੀ ਲਈ ਕਦਮ ਚੁਕਿਆ, ਪਰ ਜਿਹੜੇ ਇਹ ਹੀ ਨਹੀਂ ਮੰਨਦੇ ਕਿ ਸਤਿਗੁਰੂ ਜੀ ਨੇ ਅਜ਼ਾਦੀ ਸੰਗ੍ਰਾਮ ਲਈ ਘੋਲ ਕੀਤਾ, ਉਹ ਇਤਨੀ ਵਡੀ ਸਚਾਈ ਕਿਵੇਂ ਪਚਾ ਸਕਣਗੇ। ਡਾ: ਗੰਡਾ ਸਿੰਘ ਦੇ ਮੁਤਾਬਿਕ ਤਾਂ "ਨਾਮਧਾਰੀ ਲਹਿਰ, ਜੋ ਇਤਿਹਾਸ ਵਿਚ ਕੂਕਾ ਲਹਿਰ ਦੇ ਨਾਉਂ ਨਾਲ ਪ੍ਰਸਿਧ ਹੈ, ਸਿਖਾਂ ਦੀ ਇਕ ਨਿਰੋਲ ਧਾਰਮਿਕ ਲਹਿਰ ਸੀ ਜਿਸ ਨੂੰ1857ਦੇ ਗਦਰ ਦੇ ਡਰੇ ਹੋਏ ਕੁਝ ਅੰਗਰੇਜ਼ ਅਫ਼ਸਰਾਂ ਨੇ ਰਾਜਸੀ ਅਤੇ ਬਾਗੀ ਅੰਦੋਲਨ ਕਹਿ ਕੇ ਭੰਡਿਆ ਅਤੇ ਇਸ ਤਰ੍ਹਾਂ ਸ਼ੱਕ ਦਾ ਸ਼ਿਕਾਰ ਬਣਾਕੇ ਕਈ ਭੋਲੇ ਭਾਲੇ ਸਿਖਾਂ ਨੂੰ ਤੋਪਾਂ ਨਾਲ ਉਡਾ ਦਿਤਾ। ਇਨ੍ਹਾਂ ਦੇ ਬੇਗੁਨਾਹ ਆਗੂ ਅਤੇ ਮੁਰੈਲਾਂ ਨੂੰ ਦੇਸ਼-ਨਿਕਾਲਾ ਦੇ ਦਿਤਾ। ਪੰਜਾਹ ਵਰ੍ਹੇ ਤਕ ਕੂਕਿਆਂ ਦਾ ਕੇਂਦਰ ਭੈਣੀ (ਜ਼ਿਲਾ ਲੁਧਿਆਣਾ) ਪੋਲੀਸ ਦੀ ਕੈੜੀ ਅਤੇ ਕਰੜੀ ਨਿਗਰਾਨੀ ਹੇਠ ਰਿਹਾ ਅਤੇ ਇਥੇ ਬਿਠਾਈ ਹੋਈ ਪੁਲਸ ਚੌਂਕੀ ਸੰਨ 1922 ਵਿਚ ਉਸ ਵੇਲੇ ਉਠਾਈ ਗਈ ਜਦ ਕੂ[illegible] ਆਗੂਆਂ ਅਤੇ ਉਨ੍ਹਾਂ ਦੀਆਂ ਅਖਬਾਰਾਂ ਦੇ ਜਤਨਾਂ ਨੇ ਸਰਕਾਰ ਨੂੰ ਪੱਕੀ ਤਰ੍ਹਾਂ ਯਕੀਨ ਦਿਲਾ ਦਿਤਾ ਕਿ ਉਨ੍ਹਾਂ ਦੀ ਸੰਪਰਦਾਇ ਸਰਕਾਰ ਅੰਗਰੇਜ਼ੀ ਦੇ ਵਿਰੁਧ ਨਹੀਂ ਹੈ ਬਲਕਿ ਸਰਕਾਰ ਦੇ ਵਿਰੋਧੀ ਅਗਾਂਹ ਵਧੂ ਅਕਾਲੀਆਂ ਦੀ ਸਖਤ ਵਿਰੋਧੀ ਹੈ" (ਪੰਜਾਬ, **ਭਾਈ ਜੋਧ ਸਿੰਘ** ਅਭਿਨੰਦਨ ਗ੍ਰੰਥ) ਮੈਂ ਇਨ੍ਹਾਂ ਸਜਨਾਂ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕਿਸ ਅਧਾਰ ਤੇ ਲਿਖਦੇ ਹਨ ਕਿ ਨਾਮਧਾਰੀ ਅੰਗਰੇਜ਼ੀ ਸਰਕਾਰ ਦੇ ਪੁਜਾਰੀ ਸਨ। ਜਾਂ ਫਿਰ ਕਈ ਲੇਖਕ ਇਹ ਲਿਖਦੇ ਹਨ ਕਿ ਨਾਮਧਾਰੀਆਂ ਨੇ ਗਊ ਪਿਛੇ ਕੁਰਬਾਨੀਆਂ ਦਿਤੀਆਂ ਉਨ੍ਹਾਂ ਨੇ ਅਜਾਦੀ ਲਈ ਕੁਝ ਨਹੀਂ ਕੀਤਾ। ਮੈਂ ਇਨ੍ਹਾਂ ਅਣਜਾਨ ਲੇਖਕਾਂ ਤੋਂ ਇਹ ਪੁਛਦਾ ਹਾਂ ਜੇ ਨਾਮਧਾਰੀਆਂ ਗਊਆਂ ਪਿਛੇ ਹੀ ਕੁਰਬਾਨੀਆਂ ਦੇਣੀਆਂ ਸਨ

Sri Satguru Jagjit Singh Ji eLibrary NamdhariElibrary@gmail.com

ਤਾਂ ਉਨ੍ਹਾਂ ਨੇ ਨਾ-ਮਿਲਵਰਤਨ ਦੀ ਨੀਂਹ ਕਿਉਂ ਰਖੀ, ਕਿਉਂ ਉਨ੍ਹਾ ਬਦੇਸ਼ੀ ਵਾਤਾਵਰਣ ਭੰਗ ਕਰ ਸੁਦੇਸ਼ੀ ਵਾਤਾਵਰਣ ਤੇ ਆਚਰਣ ਵਲ ਲੋਕਾਂ ਨੂੰ ਪ੍ਰੇਰਿਤ ਹੋਣ ਲਈ ਕਿਹਾ। ਉਨ੍ਹਾਂ ਨੇ ਕਿਉਂ ਖਦਰ ਪਹਿਨਣ ਤੇ ਜੋਰ ਦਿਤਾ। ਆਦਿ ਅਸਲੀਅਤ ਤਾਂ ਇਹ ਹੈ ਕਿ ਦਿਨ੍ਹਾਂ ਕੁਝ ਕੁ ਖਰੀਦੇ ਲੇਖਕਾਂ ਨੇ ਪਖਪਾਤੀ ਦੇ ਜਾਲ ਵਿਚ ਫਸ ਕੇ ਇਹ ਲਿਖਣਾ ਲਿਖਾਣਾ ਸ਼ੁਰੂ ਕਰ ਦਿਤਾ ਹੈ। ਸਚਾਈ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਅਸਲ ਗਲ ਤਾਂ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼-ਵਿਰੁਧ ਜੰਗ ਲੜਨ ਲਈ ਨਾ-ਮਿਲਵਰਤਨ ਦੀ ਨੀਂਹ ਰਖੀ, ਇਕ ਪਥ ਰੁਸ਼ਨਾਇਆ, ਜਿਸ ਤੇ ਪਿਛੋਂ ਗਾਂਧੀ ਜੀ ਨੇ ਚਲਕੇ ਦੇਸ਼ ਨੂੰ ਅਜ਼ਾਦ ਕਰਵਾਇਆ। ਨਾ-ਮਿਲਵਰਤਨ ਦੀ ਦੇਣ ਗਾਂਧੀ ਜੀ ਦੀ ਨਹੀਂ ਸਗੋਂ ਸਤਿਗੁਰੂ ਰਾਮ ਸਿੰਘ ਜੀ ਦੀ ਹੈ ਜੇ ਅਜੇਹਾ ਨਾ ਹੁੰਦਾ ਤਾਂ ਪੰਡਤ ਜਵਾਹਰ ਲਾਲ ਨੇਹਰੂ ਇਹ ਨਾ ਕਹਿੰਦੇ :—

"श्री सद्गुरू राम सिंह जी ने अपनी मातृभूमि की स्वतन्त्रता के लिए आज से 75 वर्ष पहले जो महान गौरवशाली प्रयास किया था उसके महत्व से कोई भी भारतीय इन्कार नहीं कर सकता कांग्रेस ने आप के बताए और दिखाए हुए मार्ग पर चलकर शानदार सफलताएं प्राप्त की हैं।

ਉਹ ਕਿਹੜਾ ਮਾਰਗ ਸੀ ਜਿਸਤੇ ਕਾਂਗਰਸ ਚਲੀ, ਅਹਿੰਸਾਤਮਕ ਅਸਹਿਯੋਗ ਅੰਦੋਲਨ ਜਿਸਦੇ ਸੰਚਾਲਕ ਸਤਿਗੁਰੂ ਜੀ ਸਨ "गुरू राम सिंह जी भारत में अहिंसात्मक असहियोग के सर्व प्रथम नेता।" (नेता ज़ी सुभाष चन्द्र बोस) "ਬਾਈਕਾਟ ਦਾ ਨਾ-ਮਿਲਵਰਤੋਂ ਦੇ ਸਿਧਾਂਤ ਜੋ ਮਹਾਤਮਾ ਗਾਂਧੀ ਨੇ ਸਾਡੀ ਅਜ਼ਾਦੀ ਲਹਿਰ ਲਈ ਐਨੇ ਉਤਸ਼ਾਹ ਨਾਲ ਵਰਤੇ, ਗੁਰੂ ਰਾਮ ਸਿੰਘ ਨੇ ਨਾਮਧਾਰੀਆਂ ਲਈ ਸੁਲਝਾਏ ਸਨ।" (ਡਾ: ਰਾਜਿੰਦਰ ਪ੍ਰਸ਼ਾਦ) ਆਉ ਥੋੜ੍ਹਾ ਜਿਹਾ ਖੁਲ੍ਹ ਕੇ ਨਾ-ਮਿਲਵਰਤਣ ਦਾ ਜਾਇਜ਼ਾ ਲਈਏ।

"ਉਹਨਾਂ ਉਸ ਵੇਲੇ ਠੀਕ ਉਸ ਨਾ-ਮਿਲਵਰਤਣ ਦਾ ਪ੍ਰਚਾਰ ਸ਼ੁਰੂ ਕੀਤਾ ਜੋ 1920 ਵਿਚ ਮਹਾਤਮਾ ਗਾਂਧੀ ਨੇ ਕੀਤਾ ਸੀ। ਉਹਨਾਂ ਦੀ ਨਾ-ਮਿਲਵਰਤਣ ਮਹਾਤਮਾ ਗਾਂਧੀ ਦੀ ਨਾ-ਮਿਲਵਰਤਣ ਨਾਲੋਂ ਕਈ ਗੱਲਾਂ ਵਿਚ ਵਧ ਕੇ ਸੀ।

Sri Satguru Jagjit Singh Ji eLibrary NamdhariElibrary@gmail.com

ਅਦਾਲਤਾਂ ਦਾ ਬਾਈਕਾਟ, ਆਪਣੀਆਂ ਪੰਚਾਇਤਾਂ ਦੀ ਕਾਇਮੀ ਸਰਕਾਰੀ ਤਾਲੀਮ ਦਾ ਬਾਈਕਾਟ ਵਿਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ, ਤਾਰ ਤੇ ਡਾਕ ਦੇ ਬਾਈਕਾਟ ਦਾ ਵੀ ਪ੍ਰਚਾਰ ਕੀਤਾ। ਉਸ ਵੇਲੇ ਦੇਸ਼ ਇੰਨਾ ਸਾਹ ਸਤ ਹੀਣ ਹੋ ਗਿਆ ਸੀ ਕਿ ਉਨ੍ਹਾਂ ਦੇ ਬਾਈਕਾਟ ਦੀ ਗੱਲ ਸੋਚੀ ਵੀ ਨਹੀਂ ਸੀ ਜਾ ਸਕਦੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪਰਬੰਧ ਏਨਾ ਚੰਗਾ ਕਰ ਲਿਆ ਸੀ ਕਿ ਭਾਈ ਪਰਮਾਨੰਦ ਦੇ ਲੇਖ ਅਨੁਸਾਰ ਉਹਨਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਛੇਤੀ ਪੁਜਦੀ ਸੀ। ਪਹਿਰਾਵੇ ਅਤੇ ਸੁਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। (**ਸ਼ਹੀਦੇ ਆਜ਼ਮ ਭਗਤ ਸਿੰਘ "ਮਹਾਨ ਕੂਕਾ ਲਹਿਰ"** ਵਿਚੋਂ)

ਕੀ ਇਨ੍ਹਾਂ ਦੇਸ਼ ਭਗਤਾਂ, ਇਨਕਲਾਬੀ ਲੀਡਰਾਂ ਦੀ ਸੋਚਣ ਸ਼ਕਤੀ ਘਟ ਸੀ ਜੋ ਇਹ ਨਾ ਸੋਚ ਸਕੇ ਕਿ ਨਾਮਧਾਰੀ ਲਹਿਰ ਦਾ ਮੰਤਵ ਕੀ ਸੀ, ਪਰ ਸ਼ਕਤੀ ਇਨ੍ਹਾਂ ਦੀ ਨਹੀਂ ਸਗੋਂ ਆਮ ਜਨਤਾ ਦੀ ਬੁਧੀ ਵਿਚ ਫਰਕ ਹੈ ਜਾ ਇੰਜ ਕਹਿ ਲਵੋ ਕਿ ਉਨ੍ਹਾਂ ਕੋਲ ਇਤਨੀ ਸੋਚਣ ਸ਼ਕਤੀ ਹੀ ਨਹੀਂ ਕਿ ਸਤਿਗੁਰੂ ਜੀ ਦੀ ਡੂੰਘੀ ਨੀਤੀ ਤੋਂ ਜਾਣੂ ਹੋ ਸਕਣ ਉਸਨੂੰ ਸਮਝ ਸਕਣ। ਭਾਰਤੀ ਲਕੀਰ ਦੇ ਫਕੀਰ ਹਨ ਉਹ ਤਾਂ ਇਸ ਸਿਧਾਂਤ ਤੇ ਅਮਲ ਕਰਦੇ ਹਨ।

ਏਕ ਨੇ ਕਹੀ ਦੂਸਰੇ ਨੇ ਮਾਨੀ, ਕਹੋ ਨਾਨਕ ਦੋਨੋਂ ਬ੍ਰਹਮ ਗਿਆਨੀ।

ਇਹ ਪਿਆਰ ਦੀਆਂ ਚਾਪਲੂਸੀਆਂ ਵਿਚ ਬਹੁਤ ਛੇਤੀ ਫਸ ਜਾਂਦੇ ਹਨ, ਦੋਸਤੋ ਜੇ ਕਿਤੇ ਇਹ ਕਮਜ਼ੋਰੀ ਸਾਡੇ ਵਿਚ ਮੌਜੂਦ ਨਾ ਹੁੰਦੀ ਤਾਂ ਅੰਗਰੇਜ਼ ਸਾਡੇ ਤੇ ਕਾਬਜ ਨਾ ਹੋ ਸਕਦਾ। ਉਸ ਨੇ ਸਾਡੀ ਇਸ ਕਮਜ਼ੋਰੀ ਨੂੰ ਭਾਂਪਦੇ ਹੀ Divide & Rule ਦੀ ਨੀਤੀ ਅਪਣਾਈ ਸੀ। ਹਾਂ ਤਾਂ ਗਲ ਚਲ ਰਹੀ ਸੀ ਨਾ-ਮਿਲਵਰਤਣ ਬਾਰੇ। ਸੋ ਇਹ ਤਾਂ ਉਪਰ ਲਿਖੇ ਦੇਸ਼ ਭਗਤਾਂ ਦੇ ਕਥਨਾਂ ਤੋਂ ਪਤਾ ਚਲ ਜਾਂਦਾ ਹੈ ਕਿ ਨਾ-ਮਿਲਵਰਤਨ ਦੇ ਸੰਚਾਲਕ ਕੌਣ ਸਨ। ਸਾਥੀਓ ! ਜੇ ਆਪਾਂ ਇਹ ਮੰਨ ਲਈਏ ਕਿ ਨਾ-ਮਿਲਵਰਤਣ ਦੇ ਉਸਰਈਏ ਨਾਮਧਾਰੀ ਆਗੂ ਸਨ ਤਾਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਨਾਮਧਾਰੀਆਂ ਅਜ਼ਾਦੀ ਦੀ ਲਹਿਰ ਵਿਚ ਹਿਸਾ ਨਹੀਂ ਪਾਇਆ। ਪਰ ਸ਼ਾਇਦ ਇਸ ਸਚਾਈ ਨੂੰ ਨਾ ਮੰਨਣ, ਉਹ ਵਿਅਕਤੀ, ਜਿਨ੍ਹਾਂ ਦੇ ਦਿਮਾਗ ਵਿਚ ਇਕ ਕੀੜਾ ਵੜਿਆ ਹੋਇਆ ਹੈ ਕਿ

Sri Satguru Jagjit Singh Ji eLibrary NamdhariElibrary@gmail.com

ਨਾ-ਮਿਲਵਰਤਨ ਦੇ ਸੰਚਾਲਕ ਗਾਂਧੀ ਜੀ ਸਨ, ਉਨ੍ਹਾਂ ਲਈ ਮੈਂ ਕੁਝ ਹੋਰ ਲੇਖਕਾਂ ਦੇ ਖਿਆਲ ਦੇ ਰਿਹਾ ਹਾਂ ਜੋ ਅਜ਼ਾਦ ਹਨ ਨਾਮਧਾਰੀ ਲੇਖਕ ਨਹੀਂ ਜੋ ਇਹ ਲਿਖਣ ਲਈ ਮੁਜਬੂਰ ਹਨ ਕਿ ਨਾਮਧਾਰੀਆਂ ਨੇ ਇਹ ਕੁਝ ਕੀਤਾ । ਅਗਰ ਅਸੀਂ ਸਚੇ ਦਿਲ ਨਾਲ ਇਨ੍ਹਾਂ ਵਿਚਾਰਾਂ ਨੂੰ ਪੜ੍ਹੀਏ ਤਾਂ ਮੈਨੂੰ ਪੂਰਨ ਆਸ ਹੈ ਕਿ ਅਸੀਂ ਆਪਣੇ ਆਪ ਸਿਟੇ ਤੇ ਪਹੁੰਚ ਜਾਵਾਂਗੇ । ਹਾਂ ਤਾਂ ਪਹਿਲਾਂ ਪੇਸ਼ ਹਨ ਕੁਝ ਜਾਣੇ ਪਛਾਣੇ ਲੇਖਕਾਂ ਅਖਬਾਰ ਨਵੀਸਾਂ ਦੇ ਖਿਆਲ :—

ਇਸ ਸੰਗ੍ਰਾਮ ਦੀ ਸਫਲਤਾ ਲਈ ਕੁਛ ਨੇਮ ਬਣਾਏ ਗਏ ਜਿਹਨਾਂ ਤੇ ਚਲਣ ਲਈ ਹਰ ਨਾਮਧਾਰੀ ਨੂੰ ਆਦੇਸ਼ ਜਾਰੀ ਕੀਤੇ ਗਏ । ਇਹਨਾਂ ਦੇ ਕਾਰਨ ਹੀ ਨਾਮਧਾਰੀਆਂ ਨੇ ਸੁਕਾਰ ਦੇ ਬਰਾਬਰ ਦੀ ਇਕ ਸੁਕਾਰ ਕਾਇਮ ਕਰ ਲਈ। ਇਹਨਾਂ ਵਿਚੋਂ ਕੁਝ ਕੁ ਨੇਮ ਇਹ ਹਨ :

1. ਸਰਕਾਰੀ ਕਚਹਿਰੀਆਂ ਵਿਚ ਕੋਈ ਮੁਕਦਮਾ ਨਾ ਕੀਤਾ ਜਾਏ ਸਗੋਂ ਸਾਰੇ ਝਗੜੇ ਪਿੰਡਾਂ ਵਿਚ ਪੰਚਾਇਤੀ ਤੌਰ ਤੇ ਨਿਬੇੜੇ ਜਾਣ।
2. ਬਰਤਾਨਵੀਂ ਸੁਕਾਰ ਦੇ ਕਾਨੂੰਨਾਂ ਨੂੰ ਛਡ ਕੇ ਦੇਸ਼ ਦੇ ਪੁਰਾਣੇ ਨਿਆਇ ਦੇ ਅਸੂਲਾਂ ਨੂੰ ਅਪਣਾਇਆ ਜਾਏ ।
3. ਸਰਕਾਰੀ ਸਕੂਲਾਂ ਵਿਚ ਬਚਿਆਂ ਨੂੰ ਨਾ ਪੜ੍ਹਾਇਆ ਜਾਏ ।
4. ਅੰਗਰੇਜ਼ ਦੀ ਨੌਕਰੀ ਨਾ ਕੀਤੀ ਜਾਵੇ ।
5. ਵਲਾਇਤ ਦਾ ਬਣਿਆ ਕਪੜਾ ਜਾਂ ਹੋਰ ਕਿਸੇ ਵੀ ਚੀਜ਼ ਦਾ ਬਿਲਕੁਲ ਬਾਈਕਾਟ ਕੀਤਾ ਜਾਏ ।
6. ਅੰਗਰੇਜ ਦੀ ਚਲਾਈ ਰੇਲ, ਡਾਕ ਜਾਂ ਤਾਰ ਆਦਿ ਦੀ ਵਰਤੋਂ ਭੁਲ ਕੇ ਵੀ ਨਾ ਕੀਤੀ ਜਾਏ ।

("ਰੋਜ਼ਾਨਾ ਅਕਾਲੀ ਪਤ੍ਰਕਾ" 16 ਫਰਵਰੀ 1975)

ਨਾ-ਮਿਲਵਰਤਨ ਦੇ ਇਤਿਹਾਸਕ ਸ਼ਬਦ ਬਾਰੇ ਆਮ ਚਰਚਾ ਇਹ ਹੈ ਕਿ ਇਸ ਸ਼ਬਦ ਦੀ ਗਾਂਧੀ ਜੀ ਦੀ ਸਾਬਰਮਤੀ-ਫੈਕਟਰੀ ਵਿਚ ਘਾੜਤ ਘੜੀ ਗਈ। ਪਰੰਤੂ ਭਾਰਤ ਦੇ ਨੇਕ-ਦਿਲ ਪ੍ਰਧਾਨ ਸ੍ਰੀ ਰਜਿੰਦਰ ਪ੍ਰਸ਼ਾਦ ਨੇ 1935 ਈਸਵੀ ਵਿਚ ਇਕ ਲੇਖ ਦੁਆਰਾ ਇਹ ਸਵੀਕਾਰ ਕੀਤਾ ਕਿ "ਨਾ-ਮਿਲਵਰਤਨ" ਦੀ

Sri Satguru Jagjit Singh Ji eLibrary NamdhariElibrary@gmail.com

ਕਾਢ ਬਾਬਾ ਰਾਮ ਸਿੰਘ ਦੇ ਦਿਮਾਗ ਵਿਚੋਂ ਨਿਕਲੀ ਤੇ ਉਨ੍ਹਾਂ ਦੀ ਸੰਪ੍ਰਦਾਇ ਨੇ ਇਸ ਉਤੇ ਪੂਰਾ ਪਹਿਰਾ ਦਿਤਾ। **"ਸ੍ਰੀ ਅਮਰ ਸਿੰਘ ਜੀ ਦੁਸਾਂਝ"**

ਸਤਿਜੁਗ ਦਾ ਬਸੰਤ ਅੰਕ 1961 (2017 ਸੰਮਤ, 9 ਮਾਘ)

"ਹਿੰਦੁਸਤਾਨ ਦੀ ਅਜ਼ਾਦੀ ਦਾ ਅੰਤ ਪੰਜਾਬ ਵਿਚ ਹੋਇਆ ਸੀ ਸੰਨ 1857 ਦੇ ਗਦਰ ਤੋਂ ਬਾਅਦ ਹਿੰਦੁਸਤਾਨ ਦੀ ਅਜ਼ਾਦੀ ਦੀ ਲਹਿਰ ਦਾ ਆਰੰਭ ਵੀ ਪੰਜਾਬ ਵਿਚੋਂ ਹੋਇਆ। ਸੰਨ 1872 ਵਿਚ ਬਾਬਾ ਰਾਮ ਸਿੰਘ ਜੀ ਨੇ ਸਿਖਾਂ ਵਿਚ ਅੰਗਰੇਜ਼ੀ ਰਾਜ ਦੇ ਵਿਰੁਧ ਅੰਦੋਲਨ ਸ਼ੁਰੂ ਕੀਤਾ। ਸੁਦੇਸ਼ੀ ਕਪੜੇ ਪਹਿਨਣ ਸੁਦੇਸ਼ੀ ਚੀਜ਼ਾਂ ਵਰਤਣੀਆਂ, ਅੰਗਰੇਜ਼ੀ ਵਿਦਿਆ ਤੇ ਅਦਾਲਤਾਂ ਦਾ ਤਿਆਗ ਤੇ ਸੰਗਤ ਵਿਚ ਫੈਸਲੇ ਕਰਨੇ ਇਸ ਲਹਿਰ ਦੇ ਅਸੂਲ ਸਨ। ਅੰਗਰੇਜ਼ ਇਸ ਲਹਿਰ ਦੀ ਅਸਲੀਅਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਉਨ੍ਹਾਂ ਨੇ ਬੜੀ ਸਖਤੀ ਨਾਲ ਇਸ ਲਹਿਰ ਨੂੰ ਦਬਾ ਦਿਤਾ।"

ਪੰਨਾ 9 **"ਪਾਕਿਸਤਾਨੀ ਘਲੂਘਾਰਾ"** ਪ੍ਰਤਾਪ ਸਿੰਘ ਗਿਆਨੀ ਜਥੇਦਾਰ

"ਨਾਮਧਾਰੀ ਲਹਿਰ ਦਾ ਆਗੂ ਬਾਬਾ ਰਾਮ ਸਿੰਘ ਸ਼ਾਂਤਮਈ ਤੌਰ ਤੇ ਬਦੇਸ਼ੀ ਸਰਕਾਰ ਨਾਲ ਨਾ-ਮਿਲਵਰਤਨ ਦੀ ਨੀਤੀ ਬਣਾਉਣ ਵਿਚ ਮਹਾਤਮਾ ਗਾਂਧੀ ਦਾ ਅਗਵਾਨ ਸਿਧ ਹੋਇਆ। ਉਸ ਨੇ ਆਪਣੇ ਅਨੁਯਾਈਆ ਨੂੰ ਆਗਿਆ ਕੀਤੀ ਕਿ ਉਹ ਖੱਦਰ ਦੇ ਕਪੜੇ ਪਾਉਣ, ਸਰਕਾਰੀ ਅਦਾਲਤਾਂ ਵਿਚੋਂ ਆਪਣੇ ਝਗੜਿਆਂ ਦੇ ਫੈਸਲੇ ਨਾ ਕਰਵਾਉਣ, ਆਪਣੇ ਬਚੇ ਅੰਗਰੇਜ਼ੀ ਸਕੂਲਾਂ ਵਿਚ ਨਾ ਭੇਜਣ ਅਤੇ ਸਰਕਾਰੀ ਡਾਕਖਾਨੇ ਦੀਆਂ ਸੇਵਾਵਾਂ ਵੀ ਨਾ ਪ੍ਰਾਪਤ ਕਰਨ।"

(**ਪੰਜਾਬ ਵਿਰਸਾ**, ਪੰਨਾ 113, ਪ੍ਰਿਥੀਪਾਲ ਸਿੰਘ ਕਪੂਰ)

22. ਖਦਰ ਪਹਿਨਣਾ, ਬਦੇਸ਼ੀ ਕਪੜਾ ਨਹੀਂ ਵਰਤਣਾ।
23. ਨਲਕਿਆਂ ਦਾ ਪਾਣੀ ਨਹੀਂ ਪੀਣਾ।
24. ਅੰਗਰੇਜ਼ਾਂ ਦੀ ਰੇਲ ਗੱਡੀ ਦੀ ਸੁਆਰੀ ਨਹੀਂ ਕਰਨੀ, ਪੈਦਲ ਚਲਣਾ, ਘੋੜ ਸਵਾਰੀ ਕਰਨੀ ਜਾਂ ਹੋਰ ਊਠ, ਗਡੇ ਆਦਿ ਸਾਧਨ ਵਰਤਣੇ।
25. ਅੰਗਰੇਜ਼ ਸਰਕਾਰ ਦੀਆਂ ਅਦਾਲਤਾਂ ਵਿਚ ਨਹੀਂ ਜਾਣਾ। ਆਪਣੇ ਝਗੜੇ ਆਪਣੀਆਂ ਪੰਚਾਇਤਾਂ ਵਿਚ ਨਿਬੇੜਨੇ।

Sri Satguru Jagjit Singh Ji eLibrary NamdhariElibrary@gmail.com

26. ਅੰਗਰੇਜ਼ੀ ਨਹੀਂ ਪੜ੍ਹਨੀ, ਸਰਕਾਰੀ ਨੌਕਰੀ ਨਹੀਂ ਕਰਨੀ। ਅੰਗਰੇਜ਼ੀ ਸਰਕਾਰ ਵਲੋਂ ਦਿਤਾ ਗਿਆ ਕੋਈ ਇਨਾਮ ਜਾਂ, ਖਤਾਬ ਕਬੂਲ ਨਹੀਂ ਕਰਨਾ।

27. ਵਿਦਿਆ ਦਾ ਆਪਣਾ ਸਥਾਨਕ ਪ੍ਰਬੰਧ ਕਰਨਾ

28. ਨਹਿਰਾਂ ਦਾ ਪਾਣੀ ਨਹੀਂ ਲੈਣਾ **(ਪੰਨਾ 38—39 "ਭਾਰਤ ਦੇ ਬੇਦੀ ਛੋੜ" ਵਲੋਂ ਹੀਰਾ ਸਿੰਘ ਦਰਦ)**

"ਨਾਮਧਾਰੀ ਲਹਿਰ ਨਿਰੋਲ ਨਾ ਮਿਲਵਰਤਣੀ ਲਹਿਰ ਸੀ। ਅੰਗਰੇਜ਼ਾਂ ਨਾਲ ਮਿਲਵਰਤਣ ਰਖਣਾ ਇਹ ਅਖਲਾਕੀ ਗਿਰਾਵਟ ਸਮਝਦੇ ਸਨ। ਇਹ ਸਮੁੱਚੀ ਨਾਮਧਾਰੀ ਲਹਿਰ ਦਾ ਸਿਧਾਂਤ ਸੀ, ਕਿ ਅੰਗਰੇਜ਼ੀ ਕਾਰ ਵਿਹਾਰ ਵਿਚ ਬਿਲਕੁਲ ਨਾ ਮਿਲਵਰਤਣ ਰਖਣੀ ਹੈ। ਗਡੀਆਂ ਤੇ ਨਾ ਚੜ੍ਹਨਾ, ਅਦਾਲਤ ਵਿਚ ਨਾ ਜਾਣਾ, ਡਾਕ ਵਿਚ ਚਿਠੀ ਨਾ ਪਾਉਣੀ, ਬਦੇਸ਼ੀ ਕਪੜਾ ਜਾਂ ਮਿਲਾਂ ਦਾ ਕਪੜਾ ਨਾ ਪਾਉਣਾ ਨਲਕਿਆਂ ਦਾ ਪਾਣੀ ਨਾ ਪੀਣਾ, ਅੰਗਰੇਜ਼ੀ ਨਾ ਪੜ੍ਹਨੀ ਸਰਕਾਰੀ ਨੌਕਰੀਆਂ ਨਾ ਕਰਨੀਆਂ।"

(ਪੰਨਾ 127 "**ਸਿਖ ਧਰਮ ਤੇ ਸਿਖ ਪੰਥ** ਪ੍ਰੋ: ਜੋਗਿੰਦਰ ਸਿੰਘ M.A.)

"ਇਥੇ ਮੈਂ ਇਸ ਗਲ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਨਾ ਜਰੂਰੀ ਸਮਝਦਾ ਹਾਂ ਕਿ ਬਾਅਦ ਵਿਚ ਮਹਾਤਮਾ ਗਾਂਧੀ ਜੀ ਨੇ ਨਾ-ਮਿਲਵਰਤਣ ਸਤਿਆ ਗ੍ਰਹਿ: ਦੇ ਜਿਹੜੇ ਦੇਸ਼ ਵਿਆਪੀ ਪੱਧਰ ਤੇ ਕੌਮੀ ਅਜ਼ਾਦੀ ਦੇ ਹਥਿਆਰ ਅਪਣਾਏ ਸਨ ਉਹਨਾਂ ਦੀ ਬੁਨਿਆਦੀ ਰੂਪਰੇਖਾ ਦੀ ਸਿਰਜਣਾ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਕੀਤੀ ਸੀ। ਉਦਾਹਰਣ ਵਜੋਂ ਕੂਕਿਆਂ ਵਲੋਂ ਸਰਕਾਰੀ ਨੌਕਰੀਆਂ, ਅੰਗਰੇਜ਼ੀ ਬੋਲੀ, ਬਰਤਾਨਵੀ ਕਚਹਿਰੀਆਂ, ਡਾਕ ਤਾਰ ਤੇ ਹੋਰ ਬਦੇਸ਼ੀ ਵਸਤਾਂ ਦਾ ਸੰਪੂਰਨ ਤੌਰ ਤੇ ਬਾਈਕਾਟ ਕੀਤਾ ਗਿਆ ਸੀ। (ਜੀ. ਐਸ. ਸੋਢੀ "ਲੁਧਿਆਣਾ ਦੇ ਸੁਤੰਤਰਤਾ ਸੰਗ੍ਰਾਮੀਏ) **ਵਿਸਾਖਾ ਸਿੰਘ ਸੰਤ ਸਿਪਾਹੀ** ਆਪਣੇ ਗ੍ਰੰਥ "ਮਾਲਵਾ ਇਤਿਹਾਸ" (ਦੂਜੀ ਜਿਲਦ) ਵਿਚ ਸਤਿਗੁਰੂ ਜੀ ਦੇ ਬਣਾਏ ਅਸੂਲਾਂ ਦਾ ਵੇਰਵਾ ਦਿੰਦੇ ਹੋਏ ਲਿਖਦੇ ਹਨ।

10. ਵਦੇਸ਼ੀਆਂ ਦੀ ਨੌਕਰੀ ਨਹੀਂ ਕਰਨੀ, ਵਦੇਸ਼ੀ ਅਦਾਲਤਾਂ ਵਿਚ ਨਹੀਂ ਜਾਣਾ ਤੇ ਅੰਗਰੇਜ਼ੀ ਸਕੂਲਾਂ ਵਿਚ ਨਹੀਂ ਪੜ੍ਹਨਾ।

11. ਬਸਤ੍ਰ ਖਦਰ ਤੇ ਸਫ਼ੇਦ ਪਹਿਨਣੇ ।

13. ਵਦੇਸੀ ਸਰਕਾਰ ਵਲੋਂ ਪ੍ਰਚਲਤ ਕੀਤੀਆਂ ਚੀਜ਼ਾਂ ਰੇਲ, ਡਾਕ ਤਾਰ ਆਦਿ ਦਾ ਬਾਈਕਾਟ ।

14. ਅੰਗਰੇਜ਼ ਦੀ ਗੁਲਾਮੀ ਪ੍ਰਵਾਨ ਨਹੀਂ ਕਰਨੀ ਆਪਣੇ ਫੈਸਲੇ ਪੰਥਕ ਅਦਾਲਤਾਂ ਵਿਚ ਕਰਨੇ ।

15. ਸਰਕਾਰੀ ਕਾਰਡ ਲਿਫਾਫੇ ਬਲਕਿ ਡਾਕ ਰਾਹੀਂ ਨਾ ਪਾਓ ਆਪ ਜੀ ਦੀ ਡਾਕ ਹਲਕਾਰੇ ਹਥੀਂ ਜਾਂਦੀ ਹੁੰਦੀ ਸੀ । **(ਪੰਨਾ 190)**

"ਉਹਨਾਂ ਨੇ ਨਾਂ-ਮਿਲਵਰਤਨ ਦੀ ਨੀਂਹ ਰਖੀ । ਸਰਕਾਰੀ ਸਕੂਲਾਂ ਕਚਹਿਰੀਆਂ ਨਹਿਰਾਂ ਤੇ ਸੜਕਾਂ ਦਾ ਪ੍ਰਯੋਗ ਨਹੀਂ ਕੀਤਾ, ਰੂਸ ਨੈਪਾਲ ਅਫ਼ਗਾਨਿਸਤਾਨ ਤਕ ਉਹਨਾਂ ਦੇ ਅਨਿਆਂਈ ਪਹੁੰਚੇ,ਪਰ ਰੇਲ ਤੇ ਪੈਰ ਨਹੀਂ ਰਖਿਆ ਸੜਕਾਂ ਤੇ ਨਹੀਂ ਤੁਰੇ । ਇਥੋਂ ਤਕ ਕੇ ਨਹਿਰ ਕੰਡੇ ਉਗੀ ਟਾਹਲੀ ਦੀ ਦਾਤਨ ਨਹੀਂ ਕੀਤੀ ਛਾਵੇਂ ਨਹੀਂ ਬੈਠੇ । ਮਤਾਂ ਛਾਵੇਂ ਬਹਿਣ ਤੇ ਅੰਗਰੇਜ਼ ਦੇ ਧੰਨਵਾਦ ਲਈ ਮਨ ਵਿਚ ਭਾਵਨਾ ਨਾ ਉਪਜ ਪਵੇ। "**ਪ੍ਰੋਫੈਸਰ ਮਜੀਦ ਖਾਂ,** ਪੰਨਾ 18, ਸ਼ਤਾਬਦੀ ਨਿਯੂਜ਼ ਨਵੰਬਰ 1971) "ਰਾਮ ਸਿੰਘ ਜੀ ਨੇ ਆਪਣੇ ਅਨਯਾਈਆਂ ਨੂੰ ਹੁਣ ਨਾ ਮਿਲਵਰਤਣ ਅਤੇ ਬਾਈਕਾਟ ਦਾ ਪ੍ਰਣ ਲੈਣ ਲਈ ਆਖਿਆ । ਐਜ਼ੀਟੇਸ਼ਨ ਦੇ ਦੋਵੇਂ ਨੁਕਤੇ ਜਿਹੜੇ ਪਿਛੇ ਜੇਹੇ ਜਾਕੇ 1920 ਤੋਂ ਬਾਦ ਸਾਡੀ ਜਾਣ ਪਛਾਣ ਵਿਚ ਆਏ ਹਕੀਕਤਣ ਸਤਿਗੁਰ ਰਾਮ ਸਿੰਘ ਦੀ ਮਹਾਨ ਬੁਧੀ ਦੀ ਪੈਦਾਵਾਰ ਸਨ । ਰਾਮ ਸਿੰਘ ਜੀ ਨੇ ਆਪਣੇ ਪੈਰੋਕਾਰਾਂ ਨੂੰ ਏਹ ਵੀ ਹੁਕਮ ਦਿਤਾ ਕਿ ਉਹ ਨਾ ਸਿਰਫ ਸਕੂਲਾਂ, ਕਾਲਿਜਾਂ ਅਤੇ ਕਚਿਹਰੀਆਂ ਦਾ ਬਾਈਕਾਟ ਹੀ ਕਰਨ ਜੋ ਕਿ ਨਿਆਂ ਨੂੰ ਛੁਟੀ ਦਿੰਦਿਆਂ ਹਨ ਸਗੋਂ ਰੇਲ ਗਡੀਆਂ ਡਾਕਖਾਨੇ ਅਤੇ ਤਾਰ ਘਰਾਂ ਨੂੰ ਵੀ ਤਿਆਗਣ ਜਿਨ੍ਹਾਂ ਦੇ ਬਿਨਾ ਰੋਜ਼ਾਨਾ ਜ਼ਿੰਦਗੀ ਲਗਭਗ ਅਸੰਭਵ ਹੋ ਜਾਂਦੀ ਹੈ ।"

**ਸਾਹਿਤ ਆਚਾਰੀਆ ਸ਼੍ਰੀ ਬਾਲ ਸ਼ਾਸ਼ਤਰੀ ਹਰਦਾਸ**

**In "Armed struggle for freedom-Ninety years war of Indian Independence 1857 to Subhash".**

**"Non-cooperation : The Guru's non co-operation movements was based on the following five principles.**

Sri Satguru Jagjit Singh Ji eLibrary NamdhariElibrary@gmail.com

1. Boycott of Government Service.
2. Boycott of Educational Institution run by British Government.
3. Boycott of law established by them.
4. Boycott of foreign clothing.
5. Disobedence of Government's orders which one's conscience abhorred.

In "Advance History of Punjab By: **G. S. Chabra** on Page 374–75

"He therefore benned westren education and interdicted Government service and courts. He anticipated many features of the modren national movements such as the wearing of Khaddar, boycott of Govenment institutions emphasis on truth and non-Violence. Her followers were able to carry out many of his behests. They have stuck to khaddar more faithfully than the ever shifting followers of Mahatma Gandhi In the matter of boycott, they have been much more persistent."

(Page 125 of "Essay in Sikhism "**By Teja Singh**)

"Do not accept service with Government do not send children to Government schools do not go to courts of Law but settle disputes by reference to Panchayats, do not use foreign goods, do not use Government postal service."

In "Look back at the Kuka Movement" by **Dr. Fauja Singh**

"They wear khadi clothes, they do not take their disputes to any British Law court and in olden times refused to avail of British Posts and telegraph offices and other amenities provided by the british Government."

(Page 188 of "Later Developments" by **Shri Gokal Chand Narang**).

Sri Satguru Jagjit Singh Ji eLibrary NamdhariElibrary@gmail.com

"Not to accept service with Government. Not to send children to Government schools. Not to use courts of Law but settle disputes in panchayats. Not to use foreign goods. Not to use the Government postal service."

(In "Sikhs" on Page 72 by Kushwant Singh)

"The members were asked to take a pledge-not to accept government service, not to sent children to government schools, not to go inlitigations to government courts not exess to use the Government services and not to use foreign goods." (Page 327)

(In first spark of Revolution" by **Arun Chandra Guhe**)

"After the demish of their first leader, Bhai Balak Singh of Hazro, the Namdhari (Later known as the kukas) assumed greater significance under the leader ship of Baba Ram Singh of Bhaini. In 1860's then attracked the attention of the British Government as suspect of disloyal activies aiming at the re-establishment of the Khalsa Raj . .. ........ .. By expressing an intense partriotism through constant sacrifies, then became one group of the early pioneers in creating a vision of an independent India. They also tried to enlist the support of the princely states. They built their own postal system and judicial organigation. They established close contracts with Nepal ruler, and the Russians in Central Asia for patriotic purposes. And they had to pay a heavy price. Scores of them were blown up by British Guns. Many more suffer imprisonment, exile or requestration. Sat Guru Ram Singh the founder of the movement was kept in exile and confinement in British Burma for over a decade."

("Indian people fight for National-Liberation"
**Page 27-28, by Dr. Sukhbir Choudhary**)

ਸੋ ਉਮੀਦ ਹੈ ਕਿ ਇਹ ਸ਼ੰਕਾ ਤਾਂ ਦੂਰ ਹੋ ਗਿਆ ਹੋਵੇਗਾ ਕਿ ਸਤਿਗੁਰੂ ਜੀ ਨੇ ਨਾ-ਮਿਲਵਰਤਨ ਦਾ ਢੰਗ ਅਪਨਾ ਅਜ਼ਾਦੀ ਦੀ ਮੰਜਲ ਤਹਿ ਕਰਨ ਲਈ ਕਦਮ ਚੁਕਿਆ ਤੇ ਗਾਂਧੀ ਜੀ ਨੇ ਉਸੇ ਢੰਗ ਨੂੰ ਅਪਣਾਇਆ ਨਾ ਕਿ ਨਵਾਂ ਢੰਗ ਤਿਆਰ ਕੀਤਾ। ਜਾਂ ਇੰਜ ਕਹਿ ਲਵੋ ਕਿ ਸਤਿਗੁਰੂ ਜੀ ਨੇ ਭਾਰਤ ਵਿਚ ਅਜ਼ਾਦੀ ਦੀ ਜੋ ਸ਼ਮਾਂ ਬਾਲੀ, ਉਸਨੂੰ ਰੋਸ਼ਨ ਰਖਣ ਹਿਤ ਨਾਮਧਾਰੀਆਂ ਕਰੜਾ ਪਹਿਰਾ ਦਿਤਾ ਤੇ ਫਿਰ ਗਾਂਧੀ ਜੀ ਨੇ ਉਸਨੂੰ ਭਾਂਬੜ ਦਾ ਰੂਪ ਦੇ ਦਿਤਾ। ਇਥੇ ਹੀ ਬਸ ਨਹੀਂ, ਸਤਿਗੁਰੂ ਜੀ ਨੇ ਹੋਰ ਢੰਗ ਅਪਣਾ ਭਾਰਤ ਨੂੰ ਗੁਲਾਮੀ ਦੇ ਜੂਲੇ ਹੇਠਾਂ ਕਢਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਨੇ ਵਿਦੇਸ਼ਾਂ ਨਾਲ ਸਬੰਧ ਸਥਾਪਤ ਕੀਤੇ ਜਿਹਾ ਕਿ ਡਾ: ਸੁਖਬੀਰ ਨੇ ਲਿਖਿਆ ਹੈ। ਪਰ ਜੋ ਲੇਖਕ ਇਹ ਲਿਖਦੇ ਹਨ ਕਿ ਸਤਿਗੁਰੂ ਜੀ ਨੇ ਬਿਦੇਸ਼ਾਂ ਨਾਲ ਸਬੰਧ ਕੇਵਲ ਵਪਾਰ ਦੀ ਇਛਾ ਨਾਲ ਸਥਾਪਤ ਕੀਤੇ ਨਾ ਕਿ ਅਜ਼ਾਦੀ ਦੀ ਭਾਵਨਾ ਨਾਲ ਬਿਲਕੁਲ ਗਲਤ ਹੈ। ਸਤਿਗੁਰੂ ਜੀ ਨੇ ਜੋ ਬਦੇਸ਼ਾਂ ਨਾਲ ਸਬੰਧ ਸਥਾਪਤ ਕੀਤੇ ਉਹ ਸਿਰਫ ਭਾਰਤ ਤੇ ਛਾਈ ਕਾਲੀ ਗੁਲਾਮੀ ਦੀ ਰਾਤ ਨੂੰ ਸਵੇਰ ਵਿਚ ਤਬਦੀਲ ਕਰਨ ਲਈ ਕੀਤੇ।

"To make his political programme a sucess, Bhai Ram Singh spread his sphere of activity in Nepal, Bhutan, Kashmir and several other states, as already discussed contracts were made with these rulers through Namdhari Embassies. Bhai Ram Singh is also said to have been in contract with Rani of Jhansi and other leaders with Russia through the Governer of Russian Turkistan."

(In "The Advance History of Punjab by **G.S. Chabra**")

"A historical perspective on the purely plane Asia in Mid century had induced many Indians to think of ridding themselves of British rule, through Russian help. But although several attempts were made by ambitions. Indian princes and other sectarian Groups to obtain such aid such

as by the kashmir ruler in 1865, and 1869 by Indor ruler in 1866 and by the Namdhari Sikhs in 1879."

(Indo Soviet Friendship on Page 12-13 by **Basant Chatterjee**)

"They created powerful contracts with the Rajas of Kashmir and Nepal to enlist their supports for the noble cause. They sent their emissaries to Russia during, the second Afghan War, and thus became the fore runners of many other patriots namely Rash Bihari Ghose and Subash Chandra Bose who like wise sought foreign support for the emancipation of the Mother land. The names of kukas and Russian agents who were involved in such contracts are available in the Foreign Political-Secret-Files of the Government of India and make an interesting absording reading."

(Page 4 "Kukas by **M.M.Ahluwalia**)

"His political instinct led him to organize a postal contrcts, throught his own "embassies" with Kashmir, Nepal and Bhutan and perhaps through correspondance with Russia as well through the Governer of Chinese Turkistan".

(Page 70-71) The Sikh Gurus And the Sikh Society
by **Niharranjon Roy**

"ਬਾਬਾ ਰਾਮ ਸਿੰਘ ਨੇ ਨੈਪਾਲ ਤੇ ਕਸ਼ਮੀਰ ਰਾਜਾ ਨਾਲ ਸੰਬੰਧ ਕਾਇਮ ਕੀਤੇ, 1869 ਵਿਚ ਕਸ਼ਮੀਰ ਵਿਚ ਇਕ ਨਾਮਧਾਰੀ ਪਲਟਣ ਖੜੀ ਕੀਤੀ ਗਈ, ਤੇ ਅਗਲੇ ਸਾਲ ਨੈਪਾਲ ਵਿਚ ਇਕ ਮਿਤ੍ਰਤਾ ਮਿਸ਼ਨ ਘਲਿਆ ਗਿਆ।

**(In History of National Movements in India by T. S. Grewal)**

ਸੋ ਸਤਿਗੁਰੂ ਜੀ ਨੇ ਅਜ਼ਾਦੀ ਦਾ ਮੰਤਵ ਲੈ ਕੇ ਜਿਸ ਲਹਿਰ ਨੂੰ ਉਜਾਗਰ ਕੀਤਾ ਸੀ, ਉਸਦਾ ਕਿਸ ਤਰ੍ਹਾਂ ਸੰਗਠਨ ਕੀਤਾ, ਕਿਸ ਤਰ੍ਹਾਂ ਗੁਪਤ ਨੀਤੀ ਦਾ ਸਹਾਰਾ ਲੈ ਅੰਗਰੇਜ਼ ਨਾਲ ਟੱਕਰ ਲਈ, ਦਾ ਵਿਸਥਾਰ ਸਹਿਤ ਅਸੀਂ ਅਧਿਐਨ ਕੀਤਾ ਹੈ ਕਿ ਕਿਸ ਤਰ੍ਹਾਂ ਆਪਣੀ ਮੰਜ਼ਿਲ ਨੂੰ ਤਹਿ ਕਰਨ ਲਈ ਕਾਹਲੀ ਕਾਹਲੀ

Sri Satguru Jagjit Singh Ji eLibrary NamdhariElibrary@gmail.com

ਕਦਮ ਪੁਟੇ। ਪਰ ਕੁਝ ਕੁ ਸਿਖਾਂ ਦੇ ਕਾਹਲੇਪਣ ਨੇ ਅਤੇ ਦੇਸ਼ ਦੇ ਗਦਾਰਾਂ ਦੀ ਗਦਾਰੀ ਨੇ ਉਹਨਾਂ ਨੂੰ ਮੰਜ਼ਿਲ ਤੋਂ ਉਰੇ ਹੀ ਰੁਕਣ ਲਈ ਮਜਬੂਰ ਕਰ ਦਿਤਾ। ਪਰ ਘੋਲ ਜਾਰੀ ਰਿਹਾ ਪਹਿਲਵਾਨ ਭਿੜਦੇ ਰਹੇ ਤੇ ਅੰਤ ਗੋਰੇ ਦੀ ਕੰਡ ਲਾ ਹੀ ਦਿਤੀ। ਸੋ ਜੇਕਰ ਅਸੀਂ ਉਪਰ ਲਿਖੇ ਨੂੰ ਦਿਲੀ-ਇਰਾਦੇ ਨਾਲ ਪੜ੍ਹੀਏ, ਤਾਂ ਕੋਈ ਕਾਰਣ ਨਹੀਂ ਰਹਿ ਜਾਂਦਾ ਇਸ ਗੱਲ ਤੋਂ ਇਨਕਾਰ ਕਰਨ ਦਾ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਨਾ-ਮਿਲਵਰਤਨ ਦਾ ਸਹਾਰਾ ਲੈ ਅਜ਼ਾਦੀ ਦੇ ਨਗਾਰੇ ਤੇ ਪ੍ਰਥਮ ਚੋਟ ਲਗਾਈ। ਪਰ ਸ਼ਾਇਦ ਕੁਝ ਸ਼ੰਕਾ ਬਾਕੀ ਰਹਿ ਗਿਆ ਹੋਵੇ, ਕਿਉਂ ਨਾ ਉਸਨੂੰ ਵੀ ਦੂਰ ਕਰ ਲਈਏ :

"ਪੰਜਾਬ, ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿਚ ਅਗੇ ਅਗੇ ਰਿਹਾ। ਨਾਮਧਾਰੀ ਸੰਪਰਦਾ ਦੇ ਜਨਮ-ਦਾਤਾ ਬਾਬਾ ਰਾਮ ਸਿੰਘ ਨੇ ਅੰਗਰੇਜ਼ੀ ਹਕੂਮਤ ਵਿਰੁਧ ਇਨਕਲਾਬ ਦੀ ਚਾਲ ਨੂੰ ਤੇਜ਼ ਕਰਨ ਦੀ ਅਵਾਜ਼ ਉਠਾਈ। ਹਕੂਮਤ ਵਲੋਂ ਉਨ੍ਹਾਂ ਤੇ ਬੜੇ ਜ਼ੁਲਮ ਢਾਏ ਗਏ, ਪਰ ਫੇਰ ਵੀ ਉਹ ਹਕੂਮਤ ਵਿਰੁਧ ਆਪਣੇ ਸੰਘਰਸ਼ ਨੂੰ ਆਪਣੀਆਂ ਕੁਰਬਾਨੀਆ ਨਾਲ ਅਗੇ ਤੋਰਦੇ ਰਹੇ। ਅਜ਼ਾਦੀ ਸੰਗ੍ਰਾਮ ਦੇ ਇਤਿਹਾਸ ਵਿਚ ਨਾਮਧਾਰੀਆਂ ਦਾ ਹਕੂਮਤ ਦੇ ਜ਼ੁਲਮਾਂ ਵਿਰੁਧ ਡਟ ਕੇ ਲਗਾਤਾਰ ਲੰਮੇ ਸਮੇਂ ਮੁਕਾਬਲਾ ਕਰਨਾ ਇਕ ਸ਼ਾਨਦਾਰ ਕਾਂਢ ਹੈ। ਕੂਕਿਆਂ ਨੇ ਬਦੇਸ਼ੀ ਮਾਲ ਦੇ ਬਾਈਕਾਟ ਤੇ ਬਦੇਸ਼ੀ ਹਕੂਮਤ ਨਾਲ ਨਾ-ਮਿਲਵਰਤਨ ਦਾ ਪਰੋਗਰਾਮ ਚਾਲੂ ਕੀਤਾ। ਅੰਗਰੇਜ਼ ਹਾਕਮ ਇਸ ਇਨਕਲਾਬੀ ਲਹਿਰ ਤੋਂ ਇਨੇ ਡਰ ਗਏ ਕਿ ਉਨ੍ਹਾਂ ਨੇ ਵਹਿਸ਼ਆਨਾ ਢੰਗ ਅਪਨਾਉਣੇ ਸ਼ੁਰੂ ਕਰ ਦਿਤੇ। ਫੇਰ 17 ਜਨਵਰੀ 1872 ਵਾਲੇ ਅਭਾਗੇ ਦਿਨ ਮਲੇਰ ਕੋਟਲਾ ਵਿਚ 67 ਕੂਕਿਆਂ ਨੂੰ ਤੋਪਾਂ ਅਗੇ ਬੰਨ ਉਡਾ ਦਿਤਾ ਗਿਆ। ਅਤੇ ਨਾਮਧਾਰੀ ਆਗੂ ਬਾਬਾ ਰਾਮ ਸਿੰਘ ਜੀ ਨੂੰ ਮਾਂਡਲੇ ਜੇਲ੍ਹ ਵਿਚ ਨਜ਼ਰਬੰਦ ਕਰ ਦਿਤਾ ਗਿਆ।" **(ਨਵਾਂ ਪੰਜਾਬ ਦੇ ਪੰਨਾ 9 ਤੇ ਮੁਨਸ਼ੀ ਰਾਮ ਨੌਖੋਜ)** ਪਰ ਅਸੀਂ ਲੇਖਕ ਦੇ ਵਿਚਾਰ ਨਾਲ ਸਹਿਮਤ ਨਹੀਂ ਕਿ ਨਾਮਧਾਰੀ ਸਿਖਾਂ ਨੂੰ ਤੋਪਾਂ ਅਗੇ ਜਾਂ ਨਾਲ ਬੰਨ ਕੇ ਉਡਾਇਆ ਗਿਆ। ਯਾਰੋ ਉਨ੍ਹਾਂ ਦੇ ਚਿਹਰੇ ਤੇ ਤਾਂ ਖਾਮੋਸ਼ੀ ਦੇ ਚਿੰਨ੍ਹ ਹੀ ਨਜ਼ਰ ਨਹੀਂ ਸੀ ਆਉਂਦੇ ਡਰਾਕਲ-ਪਣ ਦੀ ਰੇਖਾ ਹੀ ਹੱਥਾਂ ਤੋਂ ਮਿਟ ਗਈਆਂ ਸਨ, ਜਦੋਂ ਦੀ ਸਤਿਗੁਰੂ ਦੀ ਸ਼ਰਨ ਲਈ ਸੀ। ਹਸਮੁਖ ਚੇਹਰਾ ਉਨ੍ਹਾਂ ਦੀ ਬਹਾਦਰੀ ਦਾ ਪ੍ਰਤੀਕ ਸੀ,

ਉਨ੍ਹਾਂ ਤਾਂ ਇਸ ਤਰ੍ਹਾਂ ਹੱਸ ਹੱਸ ਸ਼ਹੀਦੀਆਂ ਪ੍ਰਾਪਤ ਕੀਤੀਆਂ ਜਿਵੇਂ ਉਹ ਲਾੜੀ ਵਿਆਹਣ ਲਗੇ ਹੋਣ। ਇਸੇ ਲਈ ਤਾਂ **ਸਰਦਾਰ ਸੁੰਦਰ ਸਿੰਘ 'ਮਸਤ ਭੌਰਾ'** ਨੂੰ ਲਿਖਣਾ ਪਿਆ ਸੀ।

ਪਏ ਢੂੰਡਦੇ ਸਨ ਬਹਾਨਿਆਂ ਨੂੰ, ਮਿਟੇ ਜਗ ਤੋਂ ਕਿਸ ਤਰ੍ਹਾਂ ਸ਼ਾਨ ਤੇਰੀ।
ਤੇਰੇ ਚੇਲਿਆਂ ਜਾ ਕ ਕੋਟਲੇ ਤੇ, ਦਿਤੀ ਹੋਰ ਵਧਾ ਸਗੋਂ ਆਨ ਤੇਰੀ।
ਭੱਜ ਭੱਜ ਕੇ ਤੋਪਾਂ ਦੇ ਮੂੰਹ ਅਗੇ, ਹੱਸ ਹੱਸ ਕੇ ਕੀਰਤੀ ਗਾਨ ਤੇਰੀ।
ਸੜਦੇ ਦੇਖ ਕੇ ਇਨ੍ਹਾਂ ਪਤੰਗਿਆਂ ਨੂੰ, ਖਲਕ ਆਖਦੀ ਸੀ ਕੁਰਬਾਨ ਤੇਰੀ।
ਐ ਸਯਾਦ ਨਾ ਜ਼ੁਲਮ ਕਰ ਵਧ ਵਧਕੇ, ਟੁਟ ਜਾਸੀ ਆ ਝਬ ਕਮਾਨ ਤੇਰੀ।
ਇਹ ਸਿਖ ਇਤਿਹਾਸ ਦੇ ਵਰਕਿਆਂ, ਤੇ ਲਿਖੀ ਰਹੇਗੀ ਓ ਦਾਸਤਾਨ ਤੇਰੀ।
ਏਸ ਜ਼ੁਲਮ ਤੋਂ ਦੈਂਤ ਵੀ ਦੇਣ ਲਾਨਤ, ਦਾਦ ਦੇਣਗੇ ਕਿਥੋਂ ਇਨਸਾਨ ਤੇਰੀ।

(ਸਤਿਜੁਗ ਦਾ ਬਸੰਤ ਅੰਕ, ਸੰ: 1987)

"ਕੂਕੇ ਬਿਲਕੁਲ ਨਿਰਭੈ ਸ਼ਹੀਦੀ ਬਾਟੇ ਛਕਣ ਲਈ ਤਿਆਰ ਸਨ। ਉਹ ਵਾਰੋ ਵਾਰੀ ਛਾਤੀਆਂ ਤਾਣ ਕੇ ਤੋਪਾਂ ਦੇ ਸਾਹਮਣੇ ਖਲੋਂਦੇ ਗਏ, ਤੋਪਾਂ ਦੇ ਗੋਲਿਆਂ ਨਾਲ ਫੀਤੇ ਫੀਤੇ ਹੋਕੇ ਉਡਦੇ ਗਏ।"

(ਪੰਨਾ 45, "ਭਾਰਤ ਦੇ ਬੰਦੀ ਛੋੜ" ਵਲੋਂ ਹੀਰਾ ਸਿੰਘ ਦਰਦ)

ਭਲਾ ਜੇਕਰ ਉਨ੍ਹਾਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਇਆ ਗਿਆ ਹੁੰਦਾ ਤਾਂ ਉਹ ਭੱਜ ਭੱਜ ਕੇ ਤੋਪਾਂ ਦੇ ਮੂੰਹ ਅਗੇ ਕਿਵੇਂ ਖਲੋਂਦੇ, ਆਪਣੇ ਪ੍ਰੀਤਮ ਦੇ ਗੀਤ ਗਾਉਂਦੇ, ਯਾਰੋ ਜੇ ਉਨ੍ਹਾਂ ਨੂੰ ਤੋਪ ਦੇ ਮੂੰਹ ਨਾਲ ਬੰਨ੍ਹ ਕੇ ਉਡਾਇਆ ਗਿਆ ਹੁੰਦਾ ਤਾਂ "**ਖਾਲਸਾ ਜੀ ਦੇ ਚਮਕਦੇ ਸਿਤਾਰੇ**" ਨਾਮਕ ਕਿਤਾਬ ਦਾ ਲੇਖਕ ਗਿਆਨੀ ਤ੍ਰਿਲੋਕ ਸਿੰਘ ਪੰਨਾ346 ਤੇ ਇਹ ਨਾ ਲਿਖਦਾ "50 ਕੂਕਿਆਂ ਨੂੰ ਕਤਾਰਾਂ ਵਿਚ ਖਲਿਆਰ ਕੇ ਤੋਪਾ ਨਾਲ ਉਡਾ ਦਿਤਾ ਗਿਆ। ਉਨ੍ਹਾਂ ਦੇ ਤਨਾਂ ਦੇ ਤੂੰਬੇ ਉਡ ਗਏ। ਅਗਲੇ ਦਿਨ 16 ਕੂਕਿਆਂ ਨੂੰ ਮਲੇਰ ਸ਼ਹਿਰ ਵਿਚ ਤੋਪ ਅਗੇ ਉਡਾਇਆ ਗਿਆ। (ਪਰ ਇਨ੍ਹਾਂ 16 ਨੂੰ ਵੀ ਉਸੇ ਹੀ ਥਾਂ ਤੇ ਤੋਪਾਂ ਨਾਲ ਉਡਾਇਆ ਗਿਆ—ਲੇਖਕ) ਓ ਲੋਕੋ "**तनमें से साठ नामधारियों को बगैर मुकदमा चलाये तोपों के सामने खड़ा करके उड़ा देने का आदेश हुआ। इस पर इनमें से हर एक प्रसन्ता पूर्वक दौड़ते हुए तोपों**

के सामने जाता। इस वीरता एंव त्याग को देख कर अंगरेज दर्शक ने लिखा है– 'इस दिन मैने कई ईसा क ल होते देखे।' (पंजाब का इतिहास, पंना ६५२, धर्मवीर) ਜਦੋਂ ਟੋਲੇ ਦੇ ਸਰਦਾਰ ਹੀਰਾ ਸਿੰਘ ਤੋਂ ਉਸ ਦੀ ਆਖਰੀ ਤਮੰਨਾ ਦੀ ਪੁਛ ਕੀਤੀ ਗਈ ਤਾਂ ਉਸ ਨੇ ਲਲਕਾਰ ਕੇ ਕਿਹਾ :

ਮੇਰੀ ਇਕੋ ਤਮੰਨਾ ਅਖੀਰ ਦੀ ਏ, ਤੋਪ ਵਲ ਮੈਨੂੰ ਮੂੰਹ ਕਰਨ ਦੇਵੋ ।
ਮੌਤ ਰਾਣੀ ਦੇ ਘੁੰਡ ਨੂੰ ਚੁਕ ਦੇਵੋ, ਨੰਗੇ ਮੂੰਹ ਮੈਨੂੰ ਇਸਨੂੰ ਵਰਨ ਦੇਵੋ ।
ਕੱਚੇ ਘੜੇ ਨਾ ਚੱਪੂ ਦੀ ਲੋੜ ਮੈਨੂੰ, ਲਹਿਰ ਇਸ਼ਕ ਝਨਾ 'ਚ ਤਰਨ ਦੇਵੋ ।
ਨਾਜ਼ਕ ਪੈਰਾਂ ਨੂੰ ਦੇਸ਼ ਪਿਆਰ ਪਿਛੇ, ਤੱਤੀ ਰੇਤ ਦੇ ਲਹਿਰ ਨੂੰ ਜ਼ਰਨ ਦੇਵੋ ।
ਏਸ ਮੌਤ ਦੀ ਮੈਂ ਦੋ ਜਾਮ ਤਾਈਂ, ਨਕ ਚਾੜ੍ਹ ਕੇ ਡਰਕੇ ਚਖਣਾ ਨਹੀਂ ।
ਸਾਡੀ ਕੰਡ ਜੇ ਤੋਪ ਦੇ ਵਲ ਕੀਤੀ, ਕਿਸੇ ਲਿਸਟ ਸ਼ਹੀਦਾਂ 'ਚ ਰਖਣਾ ਨਹੀਂ ।
(ਅਜੀਤ ਸਿੰਘ ਚੀਮਾ)

ਉਨ੍ਹਾਂ ਨੇ ਤਾਂ ਤੋਪ ਦੇ ਮੂੰਹ ਅਗੇ ਖੜ ਕੇ ਵੀ ਇਹੋ ਕਿਹਾ ਸੀ "ਬਿਲਿਆ ਤੁਹਾਡਾ ਰਾਜ ਨਹੀਂ ਰਹਿਣ ਦੇਣਾ, ਭਾਵੇਂ ਸਾਨੂੰ ਕਈ ਵਾਰ ਜਨਮ ਲੈ ਕੇ ਆਉਣਾ ਪਵੇ ।" **(ਸਤਿਗੁਰੂ ਬਿਲਾਸ)** । ਇਸ ਹਤਿਆ ਕਾਂਡ ਨੇ ਤਾਂ ਅੰਗਰੇਜ਼ ਦੇ ਪਥਰ ਦਿਲ ਨੂੰ ਪੰਘਰਾ ਸੁਟਿਆ ਸੀ । "ਅੰਗਰੇਜ਼ ਹਾਕਿਮਾਂ ਦੀ ਉਪਰਲੀ ਵਹਿਸ਼ੀਆਨਾ ਕਾਰਵਾਈ ਨੇ ਹਿੰਦੁਸਤਾਨੀਆਂ ਦੇ ਨਹੀਂ ਸਗੋਂ ਕਈ ਅੰਗਰੇਜਾਂ ਦੇ ਵੀ ਲੂੰ ਕੰਡੇ ਖੜੇ ਕਰ ਦਿਤੇ, ਜਿਵੇਂ ਕਿ ਇਕ ਅੰਗਰੇਜ਼ **ਕਾਟਨ ਨਾਮੀ** ਆਪਣੀ ਜੀਵਨ ਕਥਾ ਵਿਚ ਲਿਖਦਾ ਹੈ ਕਿ ਮੈਂ ਆਪਣੀ ਸਾਰੀ ਜ਼ਿੰਦਗੀ ਵਿਚ ਕਦੇ ਇੰਨੀ ਹੌਲਨਾਕ ਘਟਨਾ ਨਹੀਂ ਵੇਖੀ । **(ਪੰਜਾਬੀ ਵੀਰ ਪ੍ਰੰਪਰਾ ਦਾ ਵਿਕਾਸ** ਦੇ ਪੰਨਾ 101 ਤੇ ਡਾ: ਫੌਜਾ ਸਿੰਘ) ਕੁਝ ਕੁ ਹੋਰ ਪੜ੍ਹੋ 'ਕੂਕਾ ਅੰਦੋਲਨ' ਬਾਰੇ ਡਾ: ਸਾਹਿਬ ਹੀ ਲਿਖਦੇ ਹਨ "1857 ਦੇ ਵਿਦਰੋਹ ਦੇ ਦੌਰਾਨ ਅਤੇ ਪਿਛੋਂ ਜਿਹੜੀਆਂ ਵਹਿਸ਼ੀਆਨਾਂ ਸਜਾਵਾਂ ਵਿਦੇਸ਼ੀ ਸਰਕਾਰ ਨੇ ਦਿਤੀਆਂ । ਉਨ੍ਹਾਂ ਦਾ ਉਤਰ ਪੰਜਾਬ ਨੇ ਕੂਕਾ ਅੰਦੋਲਨ ਦੇ ਰੂਪ ਵਿਚ ਦਿਤਾ । ਜਿਨ੍ਹਾਂ ਦਿਨਾਂ ਵਿਚ ਆਮ ਲੋਕ ਸਹਮ ਦੇ ਮਾਰੇ ਅੰਗਰੇਜ਼ਾਂ ਦੇ ਖਿਲਾਫ ਮਾਮੂਲੀ ਗੱਲ ਕਰਨੋਂ ਵੀ ਡਰਦੇ ਸਨ; ਉਨ੍ਹਾਂ ਦਿਨਾਂ ਵਿਚ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦੇ ਕੂਕਾ

ਪੈਰੋਕਾਰਾਂ ਨੇ ਇਨ੍ਹਾਂ ਨੂੰ ਬਿੱਲੇ, ਮਲੇਛ ਆਖਿਆ, ਜਨਤਾ ਵਿਚ ਇਨ੍ਹਾਂ ਦੇ ਖਿਲਾਫ ਪ੍ਰਚਾਰ ਕੀਤਾ ਅਤੇ ਅਜ਼ਾਦੀ ਦੀ ਕੂਕ ਮਾਰੀ...........ਕੂਕਿਆਂ ਨੇ ਆਪਣੀ ਜਥੇਬੰਦੀ ਨੂੰ ਹੋਰ ਪਕਾ ਕਰ ਲਇਆ ਤੇ ਹਕੂਮਤ ਦੀਆਂ ਨਜ਼ਰਾਂ ਤੋਂ ਆਪਣੀਆਂ ਕਾਰਵਾਈਆਂ ਨੂੰ ਲੁਕਾਈ ਰਖਣ ਲਈ ਨਿਆਂ ਤੇ ਡਾਕ ਦੇ ਆਪਣੇ ਵਖਰੇ ਤੇ ਖੁਫੀਆ ਪ੍ਰਬੰਧ ਕਰ ਲਏ।"

"ਗਦਰ ਦੇ ਅਠ ਦਸ ਸਾਲ ਬਾਅਦ ਇਹ ਜਜ਼ਬਾ ਪੰਜਾਬ ਵਿਚ ਜਾਗ ਉਠਿਆ। ਕੂਕਾ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਜੀ ਨੇ ਇਸ ਸਮੇਂ ਅੰਗਰੇਜ਼ ਤੇ ਅੰਗਰੇਜ਼ੀ ਤਹਿਜੀਬ ਵਿਰੁਧ ਜ਼ੋਰਦਾਰ ਅਵਾਜ਼ ਉਠਾਈ। ਅੰਗਰੇਜ਼ ਨੇ ਪਹਿਲੇ ਤਾਂ ਚੁਪ ਸਾਧੀ, ਪਰ ਜਦ ਸਿਖੀ ਜਜ਼ਬੇ ਨੂੰ ਡਾਢਾ ਵਧਦਾ ਵੇਖਿਆ ਅਤੇ ਗੁਲਾਮੀ ਦੇ ਖਿਲਾਫ ਅਵਾਜ਼ ਉਠਦੀ ਵੇਖੀ ਤਾਂ ਉਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ ਸੋ ਝਟਾ ਪਟ ਪਾਬੰਦੀ ਲਗਾ ਦਿਤੀ। ਪਕੜ ਧਕੜ ਵੀ ਕੀਤੀ ਗਈ ਤੇ ਨਿਗਰਾਨੀ ਵੀ ਸਖਤ ਕਰ ਦਿਤੀ ਗਈ, ਪਰ ਅਫਸੋਸ ਕਿ ਉਹ ਲਹਿਰ ਛੇਤੀ ਹੀ ਦਬਾ ਦਿਤੀ ਗਈ" (ਪਰ ਲਹਿਰ ਪੂਰੀ ਤਰ੍ਹਾਂ ਦਬਾਈ ਨਾ ਗਈ ਤੇ ਚਿੰਗਾਰੀ ਸੁਲਗਦੀ ਰਹੀ—ਲੇਖਕ) **(ਸਿੱਖ ਪੰਥ ਕਿਥੇ ਤੋਂ ਕਿਥੇ** ਦੇ **ਪੰਨਾ 236-37 ਵਲੋਂ ਗਿਆਨੀ ਅਮਰ ਸਿੰਘ)**

"ਪੰਜਾਬੀਆਂ ਵਿਚਕਾਰ ਅੰਗਰੇਜ਼ਾਂ ਵਿਰੁਧ ਘ੍ਰਿਣਾ ਤਾਂ ਪਹਿਲੇ ਹੀ ਸੀ, ਗਦਰ ਤੋਂ ਪਿਛੋਂ ਅੰਗਰੇਜ਼ਾਂ ਦੀ ਕਰੜੀ ਨੀਤੀ ਅਤੇ ਪੰਜਾਬ ਵਿਚ ਈਸਾਈ ਮੱਤ ਪ੍ਰਚਾਰਨ ਦੇ ਜਤਨਾਂ ਨੇ ਸਿਖਾਂ ਵਿਚ ਦੇਸ਼ ਭਗਤੀ ਦੀ ਭਾਵਨਾ ਨੂੰ ਪਕਿਆਂ ਕਰ ਦਿਤਾ। ਇਸਦਾ ਵਿਖਾਵਾ ਨਾਮਧਾਰੀ ਲਹਿਰ ਦੇ ਰੂਪ ਵਿਚ ਹੋਇਆ ਨਾਮਧਾਰੀ ਲਹਿਰ ਦਾ ਆਗੂ ਬਾਬਾ ਰਾਮ ਸਿੰਘ ਸ਼ਾਂਤਮਈ ਤੌਰ ਤੇ ਬਦੇਸ਼ੀ ਸਰਕਾਰ ਨਾਲ ਨਾ-ਮਿਲਵਰਤਨ ਦੀ ਨੀਤੀ ਬਨਾਉਣ ਵਿਚ ਗਾਂਧੀ ਦਾ ਅਗਵਾਨ ਸਿਧ ਹੋਇਆ। ......ਉਸਨੇ ਨੇਪਾਲ ਨਰੇਸ਼ ਨਾਲ ਸਿਧੇ ਰਾਜਨੀਤਿਕ ਸਬੰਧ ਸਥਾਪਤ ਕਰਕੇ ਆਪਣੇ ਚੇਲਿਆਂ ਨੂੰ ਸੈਨਿਕ ਸਿਖਲਾਈ ਦਿਵਾਉਣ ਦਾ ਵੀ ਯਤਨ ਕੀਤਾ। ਅੰਤ ਅੰਗਰੇਜ਼ੀ ਸਰਕਾਰ ਨੇ ਕੁਝ ਗੈਰ ਨਾਮਧਾਰੀਆਂ (ਉਹ ਨਾਮਧਾਰੀ ਹੀ ਸਨ—ਲੇਖਕ) ਵਲੋਂ ਫਸਾਦ ਕਰਨ ਤੇ ਬਾਬਾ ਰਾਮ ਸਿੰਘ ਨੂੰ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਦੇ ਦਿਤਾ। ਬਾਬਾ ਰਾਮ ਸਿੰਘ ਨੇ ਪੰਜਾਬੀਆਂ ਵਿਚ ਸੁਤੰਤ੍ਰਤਾ ਪ੍ਰਾਪਤੀ ਲਈ ਤਾਂਘ ਪੈਦਾ ਕਰ ਦਿਤੀ ਅਤੇ "ਕੁਰਸੀ ਸਾਡੀ ਰਾਜ ਸਾਡਾ" ਤੇ "ਭਜੇ ਜਾਂਦੇ ਨੇ ਫਰੰਗੀ ਵੇਲਾ

Sri Satguru Jagjit Singh Ji eLibrary NamdhariElibrary@gmail.com

ਨੇੜੇ ਆ ਗਿਆ" ਦੇ ਨਾਅਰੇ ਲਾਏ ਜਾਣ ਲਗੇ।" **(ਪੰਜਾਬ ਵਿਰਸਾ ਦੇ ਪੰਨਾ 113 ਤੇ ਪ੍ਰਿਥੀਪਾਲ ਸਿੰਘ ਕਪੂਰ)।**

ਸਿਖਾਂ ਵਿਚ ਆਪਸ ਵਿਚ ਪਾਟੋ-ਧਾੜ ਦਾ ਫ਼ਾਇਦਾ ਉਠਾਂਦਿਆਂ ਭਾਵੇਂ ਗੋਰਿਆਂ ਨੇ ਪੰਜਾਬ ਤੇ ਅਧਿਕਾਰ ਜਮਾ ਲਿਆ। ਪਰ ਅਜ਼ਾਦੀ ਪਸੰਦ ਕੁਝ ਤਾਕਤਾਂ ਅੰਦਰਗਤੀ ਉਨ੍ਹਾਂ ਦੇ ਵਿਰੁਧ ਹੋ ਵੇਲੇ ਕੁਵੇਲੇ ਸੋਚਦੀਆਂ ਰਹਿੰਦੀਆਂ ਸਨ। ਇਹੋ ਜਿਹੀ ਇਕ ਤਾਕਤ ਕੂਕਿਆਂ ਦੀ ਸੀ।" **(ਪੰਜਾਬ ਦੇ ਸ਼ਹਿਰ ਪੰਨਾ 39, ਬਲਬੀਰ ਸਿੰਘ ਕੰਵਲ)।**

"Indian Revolutionaries in Conference ਦੇ ਪੰਨਾ 4 ਤੇ 5 ਉਤੇ ਜੇ. ਸੀ. ਚੈਟਰਜੀ ਲਿਖਦੇ ਹਨ" In 1872 the kukas set up a parallel government in the Punjab. They divided the Punjab in 23 provinces and appointed their own governers for each province. They estbalished their own schools and asked the people not to co-operate with the British Rulers. Guru Ram Singh was arrested on 14 January 1872 under Regulation III of 1818 and interheed at the Allahabad fort, Bhaini Sahib, their Head Quater was looted and destroyed. Thousands of kukas was interned and their properties confiscated. The entire kuka sect was declared rebel and crushed.. ...The kuka claim that they are the originaters of the non-co-operation and civil disobedience movements later adopted by the congress under the leadership of Gandhiji. ਚੈਟਰ ਜੀ ਇਕ ਥਾਂ ਤੇ ਲਿਖਦੇ ਹਨ ਕਿ ਕੂਕਿਆਂ ਨੇ ਸਰਕਾਰੀ ਸਕੂਲਾਂ ਅਦਾਲਤਾਂ ਦਾ ਬਾਈਕਾਟ ਕੀਤਾ ਤੇ ਸਰਕਾਰੀ ਹੁਕਮ ਨਾ ਮੰਨਿਆ। ਪਰ ਇਕ ਥਾਂ ਤੇ ਇਹ ਲਿਖ ਕੇ ਕਿ ਕੂਕੇ ਗਾਂਧੀ ਜੀ ਵਲੋਂ ਚਲਾਈ ਨਾ-ਮਿਲਵਰਤਨ ਦੇ ਅਗਵਾਨ ਹੋਣ ਦਾ ਦਾਹਵਾ ਕਰਦੇ ਹਨ, ਇਕ ਸ਼ੰਕਾ ਖੜਾ ਕਰ ਦਿੰਦੇ ਹਨ ਕਿ ਉਹ ਇਹ ਨਹੀਂ ਮੰਨਦੇ ਲਗਦੇ ਕਿ ਕੂਕੇ ਗਾਂਧੀ ਜੀ ਵਲੋਂ ਚਾਲੂ ਨਾ-ਮਿਲਵਰਤਣ ਦੇ ਸੰਚਾਲਕ ਸਨ ਪਰ ਇਹ ਮੰਨਦੇ ਹਨ ਕਿ ਗਾਂਧੀ ਮੂਵਮੈਂਟ ਤੋਂ 75 ਸਾਲ ਪਹਿਲਾਂ ਕੂਕਿਆਂ ਨੇ ਸਕੂਲਾਂ, ਅਦਾਲਤਾਂ, ਸਰਕਾਰੀ ਫੁਰਮਾਨਾਂ ਦਾ ਬਾਈਕਾਟ ਕੀਤਾ।

Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਦੀਆਂ ਲਾਈਨਾਂ ਪੜ੍ਹ ਹਾਸਾ ਆ ਜਾਂਦਾ ਹੈ। ਇਕ ਅਣਜਾਨ ਵੀ ਅੰਦਾਜ਼ਾ ਲਗਾ ਸਕਦਾ ਹੈ ਕਿ ਜੇ ਕੂਕਿਆਂ ਨੇ 19ਵੀਂ ਸਦੀ ਵਿਚ ਬਾਈਕਾਟ ਕੀਤਾ ਪਰ ਗਾਂਧੀ ਜੀ ਨੇ 20ਵੀਂ ਸਦੀ ਦੇ ਪਹਿਲੇ ਪੜ੍ਹਾਅ ਵਿਚ ਬਾਈਕਾਟ ਕਰਨ ਦਾ ਐਲਾਨ ਕੀਤਾ। ਤਾਂ ਕੂਕੇ ਹੀ ਉਸਦੇ ਅਗਵਾਨ ਹੋਣਗੇ ਇਸ ਵਿਚ ਦਾਹਵਾ ਕਰਨ ਵਾਲੀ ਕੋਈ ਗੱਲ ਨਹੀਂ, ਇਕ ਸਚਾਈ ਹੈ ਇਤਿਹਾਸਕ ਤੱਥ ਹੈ। ਇਸ ਲਈ ਚੈਟਰ ਜੀ ਨੂੰ ਇਹ ਲਿਖਣ ਦੀ ਬਜਾਏ ਕਿ "The Kuka Claim that they are....... Under the leadership of Gandhiji, ਇਹ ਲਿਖਣਾ ਚਾਹੀਦਾ ਸੀ "The Kukas are the real originators of the non-cooperation and civil disobcdience movements later adopted by the congres under the leadership of Gandhiji).

ਸੋ ਉਮੀਦ ਹੈ ਕਿ ਡਾ: ਗੰਡਾ ਸਿੰਘ ਤੇ ਇਸ ਨਸਲ ਦੇ ਲੇਖਕਾਂ ਅਤੇ ਇਹੋ ਜਿਹੀ ਬੁਧੀ ਰਖਣ ਵਾਲੇ ਲੋਕਾਂ ਦਾ ਇਹ ਸ਼ੰਕਾ ਦੂਰ ਹੋ ਗਿਆ ਹੋਵੇਗਾ ਕਿ ਨਾਮਧਾਰੀ ਲਹਿਰ ਸਰਕਾਰੀ ਲਹਿਰ ਨਹੀਂ ਸਗੋਂ ਸਰਕਾਰ ਵਿਰੋਧੀ ਲਹਿਰ ਸੀ। ਤੇ ਇਸਦਾ ਸਬੂਤ ਉਨ੍ਹਾਂ ਵਲੋਂ ਚਲਾਈ ਨਾ-ਮਿਲਵਰਤਨ ਲਹਿਰ ਹੈ। ਕੂਕਿਆਂ ਹੀ ਸਭ ਤੋਂ ਪਹਿਲਾਂ ਅਪਣਿਤ ਤਿਆਗ, ਅੰਗਰੇਜਾਂ ਵਿਰੁਧ ਅਵਾਜ਼ ਉਠਾਈ ਤੇ ਸਵਰਾਜ ਦੀ ਮੰਗ ਕੀਤੀ। ਮੈਨੂੰ ਪੂਰਨ ਆਸ ਹੈ ਕਿ ਜੇ ਡਾ: ਗੰਡਾ ਸਿੰਘ ਨਿਰਪੱਖ ਹੋ ਇਸ ਲੇਖ ਨੂੰ ਪੜ੍ਹਨ ਤਾਂ ਮੁੜ ਇਹੋ ਜੇਹੇ ਲੇਖ ਲਿਖਣ ਦੀ ਕੋਸ਼ਿਸ਼ ਨਹੀਂ ਕਰਨਗੇ ਜਿਹੋ ਜਿਹੇ ਅਗੇ ਲਿਖੇ ਤੇ ਇਕ ਲੇਖ ਗਿਆਨ ਅੰਮ੍ਰਿਤ ਦੇ ਫਰਵਰੀ ਮਾਰਚ 1975 ਦੇ ਅੰਕ ਵਿਚ "ਕੀ ਕੂਕਾ ਲਹਿਰ ਸਰਕਾਰ ਅੰਗਰੇਜੀ ਵਿਰੁਧ ਇਕ ਬਗਾਵਤ ਸੀ" ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕਰਵਾਇਆ। 1975 ਸਾਲ ਦੇ ਸ਼ੁਰੂ ਵਿਚ ਨਾਮਧਾਰੀਆਂ ਨੇ ਦੇਸ਼ ਦੀ ਖੁਸ਼ਹਾਲੀ ਤੇ ਆਪਣੇ ਪ੍ਰੀਤਮ ਦੀ ਯਾਦ ਵਿਚ ਸਵਾ ਲਖ ਪਾਠ ਆਰੰਭ ਕੀਤੇ। ਪਰ ਕੁਝ ਕੁ ਭਰਾਵਾਂ ਨੇ ਇਸ ਨੂੰ ਮਰਿਯਾਦਾ ਦੇ ਉਲਟ ਕਿਹਾ। ਜਦ ਕਿ ਇਹ ਸਿਖੀ-ਮਰਿਯਾਦਾ ਦੇ ਅਨੁਸਾਰ ਕੀਤੇ ਜਾ ਰਹੇ ਸਨ। ਇਨ੍ਹਾਂ ਵੀਰਾਂ ਨੇ ਧੜੇਬਾਜ਼ੀ ਦਾ ਪੱਖ ਅਪਣਾ, ਧਰਮ ਨੂੰ ਦੂਰ ਛਡ ਬਹੁਤ ਕੁਝ ਊਟ-ਪਟਾਂਗ ਲਿਖਿਆ, ਜਨਤਾ ਨੂੰ ਭੜਕਾਉਣ ਲਈ ਕਈ ਇਤਿਹਾਸਕ ਗਲਾਂ ਦੀ ਉਨ੍ਹਾਂ ਚਟਣੀ ਕਰ ਛਡੀ। ਨਾਮਧਾਰੀ ਹਮੇਸ਼ਾਂ ਸਾਂਝੀਵਾਲਤਾ ਤੇ ਪਿਆਰ ਦੇ ਭੁਖੇ ਰਹੇ ਤੇ

ਹਨ। ਜੇ ਉਹ ਵੀ ਚਾਹੁੰਦੇ ਤਾਂ ਜੁਆਬੀ ਕਾਰਵਾਈ ਕਰ ਸਕਦੇ ਸਨ, ਪਰ ਉਨ੍ਹਾਂ ਆਪਣਾ ਵਿਰਸਾ ਭੁਲਾਇਆ ਨਹੀਂ, ਸ਼ਾਂਤੀ ਤੋਂ ਕੰਮ ਲਿਆ, ਆਪਣੇ ਮਹਿਬੂਬ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਹੇਠ ਚੁਪ ਧਾਰਨ ਕੀਤੀ ਰਖੀ, ਪਰ ਇਨ੍ਹਾਂ ਲੋਗਾਂ ਇਹ ਸਮਝਿਆ ਤੇ ਲਿਖਣਾ ਸ਼ੁਰੂ ਕਰ ਦਿਤਾ ਕਿ ਹੁਣ ਕੂਕੇ ਖਤਮ ਹੋ ਚੁਕੇ ਹਨ। ਸ਼ਾਇਦ ਇਹ ਵੀਰ ਭੁਲ ਗਏ ਕਿ ਇਨ੍ਹਾਂ ਕੂਕਿਆਂ ਵੀ ਉਸੇ ਹੀ ਖੰਡੇ ਦੀ ਪਾਹੁਲ ਲਈ ਹੋਈ ਹੈ, ਜਿਸ ਖੰਡੇ ਦੀ ਉਨ੍ਹਾਂ ਲਈ ਹੈ। ਉਨ੍ਹਾਂ ਦੇ ਜੋਤਿਸ਼-ਪੁਣੇ ਮੁਤਾਬਿਕ ਕੂਕਿਆਂ ਦੀ ਉਮਰ ਕੇਵਲ 15-20 ਸਾਲ ਬਾਕੀ ਰਹਿ ਗਈ ਹੈ। ਪਰ ਲਿਖਣ ਲਗੇ (ਭਾਵ ਜੋਤ੍ਰਿਸ਼ ਲਗਾਣ ਲਗੇ) ਮੈਨੂੰ ਲਗਦਾ ਹੈ ਕਿ ਉਨ੍ਹਾਂ ਆਪਣੀ ਉਮਰ ਰੇਖਾ ਵਲ ਨਿਗ੍ਹਾ ਨਹੀਂ ਦੁੜ੍ਹਾਈ ਜੋ ਤਕਰੀਬਨ ਤਕਰੀਬਨ ਮਿਟ ਹੀ ਚੁਕੀ ਹੈ। ਹਾਂ ਤਾਂ ਗੱਲ ਚਲ ਰਹੀ ਸੀ ਕੁਝ ਹੋਰ ਹੀ, ਮੈਂ ਇਸ ਪਾਸੇ ਨਹੀਂ ਜਾਣਾ ਮੇਰਾ ਯਾਦ ਕਰਾਉਣ ਤੋਂ ਭਾਵ ਇਹ ਸੀ ਕਿ ਇਤਨਾ ਕੁਝ ਇਨ੍ਹਾਂ ਵੀਰਾਂ ਲਿਖਿਆ ਪਰ ਕਿਤੇ ਇਹ ਨਹੀਂ ਲਿਖਿਆ ਕਿ ਨਾਮਧਾਰੀਆਂ ਨੇ ਅੰਗਰੇਜ਼ੀ ਹਕੂਮਤ ਵਿਰੁਧ ਆਵਾਜ਼ ਨਹੀਂ ਉਠਾਈ। ਉਨ੍ਹਾਂ ਨੇ ਇਹ ਹੀ ਲਿਖਿਆ ਕਿ "ਭੈਣੀ ਜ਼ਿਲਾ ਲੁਧਿਆਣਾ ਦਾ ਇਕ ਛੋਟਾ ਜਿਹਾ ਕਸਬਾ ਹੈ। ਅੰਗਰੇਜ ਸਾਮਰਾਜ ਦੇ ਵਿਰੁਧ ਦੇਸ਼ ਵਿਚ ਉਠੀਆਂ ਲਹਿਰਾਂ ਵਿਚੋਂ ਇਕ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਦੀਆਂ ਸਰਗਰਮੀਆਂ ਦਾ ਇਹ ਨਗਰ ਕੇਂਦਰ ਹੋਣ ਕਰਕੇ ਇਸ ਦਾ ਨਾਂ ਭੈਣੀ ਸਾਹਿਬ ਪੈ ਗਿਆ। ਬਾਬਾ ਜੀ ਦੇਸ਼ ਦੀ ਤੇ ਸਮਾਜ ਵਿਚ ਆਈਆਂ ਕੁਰੀਤੀਆਂ ਦੇ ਵਿਰੁਧ ਉਠੀ ਲਹਿਰ ਦੇ ਆਗੂ ਤੇ ਨਾਮ ਸਿਮਰਨ ਵਾਲੇ ਮਹਾਂ ਪੁਰਸ਼ ਸਨ। (10 ਜੂਨ 1975 ਦੀ ਅਕਾਲੀ ਪਤ੍ਰਕਾ ਵਿਚ ਸ: ਜੰਗ ਸਿੰਘ ਜੰਗੀਆਣਾ ਮਿਸ਼ਨਰੀ) ਸੋ ਕਿਸੇ ਇਹ ਲਿਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਨਾਮਧਾਰੀ ਅੰਗਰੇਜ਼ ਦੇ ਭਗਤ ਸਨ। ਕਿਸੇ ਇਹ ਨਹੀਂ ਲਿਖਿਆ ਕਿ ਕੂਕਿਆਂ ਅੰਗਰੇਜ਼ਾਂ ਨੂੰ ਇਹ ਯਕੀਨ ਦਿਵਾ ਦਿਤਾ ਸੀ ਕਿ ਕੂਕੇ ਉਸਦੇ ਗੁਲਾਮ ਹਨ, ਇਸੇ ਲਈ ਗੌਰਮਿੰਟ ਨੇ ਬੀੜ ਦਾ ਇਲਾਕਾ ਇਨ੍ਹਾਂ ਲੋਕਾਂ ਕੋਲ ਹੀ ਰਹਿਣ ਦਿਤਾ ਸੀ। ਭੈਣੀ ਸਾਹਿਬ ਵਿਚੋਂ ਵੀ ਪੁਲੀਸ ਚੌਂਕੀ ਗੌਰਮਿੰਟ ਨੇ ਚੁਕ ਲਈ ਕਿਉਂਕਿ ਉਹ ਜਾਣ ਚੁਕੀ ਸੀ ਕਿ ਨਾਮਧਾਰੀ ਉਸ ਦੇ ਚਮਚੇ ਹਨ ਪਰ ਅਕਾਲੀ ਉਸਦੇ ਵਿਰੋਧੀ ਹਨ। ਜਿਥੋਂ ਤਕ ਅੰਗਰੇਜ਼ ਭਗਤ ਤੇ ਬੀੜ ਦੇ ਇਲਾਕੇ ਦਾ ਸੁਆਲ ਹੈ ਇਸਦਾ ਵੇਰਵਾ ਅਗੇ

Sri Satguru Jagjit Singh Ji eLibrary NamdhariElibrary@gmail.com

ਦਿਤਾ ਜਾਏਗਾ। ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਲੋਗਾਂ ਦਾ ਦਿਮਾਗ ਸਹੀ ਤਰ੍ਹਾਂ ਕੰਮ ਨਹੀਂ ਕਰਦਾ, ਜੋ ਉਹ ਅਖਾਂ ਅਗੇ ਬੀਤੀਆਂ ਗੱਲਾਂ ਨੂੰ ਵੀ ਗਲਤ ਲਿਖਣ ਤੋਂ ਸੰਕੋਚ ਨਹੀਂ ਕਰਦੇ। ਇਕ ਵਾਰ ਸਤਿਗੁਰੂ ਜੀ ਦੇ ਜਲਾਵਤਨ ਕਰਨ ਦੇ ਬਾਦ ਕੂਕਿਆਂ ਤੇ ਪਾਬੰਦੀ ਲਗਣ ਕਾਰਨ, ਇਹ ਸ਼ਮਾਂ ਮਠੀ ਪੈ ਗਈ ਪਰ ਫਿਰ ਜਦੋਂ ਗਦਰੀ ਬਾਬਿਆਂ, ਸਰਾਭਾ ਆਦਿ ਨੇ ਆਪਣਾ ਖੂਨ ਦੀਵੇ ਵਿਚ ਪਾ ਦਿਤਾ ਉਹ ਫਿਰ ਲਟ ਲਟ ਬਲਣ ਲਗੀ। ਗਾਂਧੀ ਜੀ ਦੇ ਅੰਦੋਲਨ ਸ਼ੁਰੂ ਕਰਨ ਤੇ ਕੂਕਿਆਂ ਨੇ ਉਨ੍ਹਾਂ ਦਾ ਪੂਰਾ ਸਾਥ ਦਿਤਾ। ਸੋ ਉਮੀਦ ਹੈ ਕਿ ਪਾਠਕ ਜਾਣ ਗਏ ਹੋਣਗੇ ਕਿ ਸਤਿਗੁਰੂ ਜੀ ਨੇ 13 ਅਪਰੈਲ, 1857 ਨੂੰ ਨਾਮਧਾਰੀ ਸਮਾਜ ਦੀ ਨੀਂਹ ਦੇਸ਼ ਦੇ ਵਾਤਾਵਰਣ ਨੂੰ ਭਾਂਪਦੇ ਗਦਾਰਾਂ ਵਲੋਂ ਦੇਸ਼ ਨੂੰ ਕੰਗਾਲ ਹੁੰਦਾ ਵੇਖ, ਗੁਲਾਮੀ ਦੇ ਸੰਗਲ ਕਟਣ ਹਿਤ ਰਖੀ। ਤੇ ਲੋਕਾਂ ਨੂੰ ਨਾ-ਮਿਲਵਰਤਨ ਦਾ ਪਥ ਅਪਣਾਉਣ ਲਈ ਕਿਹਾ, ਜਿਸਤੇ ਪਿਛੋਂ ਗਾਂਧੀ ਜੀ ਦੀ ਅਗਵਾਈ ਹੇਠ ਕਾਂਗਰਸ ਨੇ ਚਲ ਦੇਸ਼ ਨੂੰ ਅਜ਼ਾਦ ਕਰਾਇਆ।

---

Sri Satguru Jagjit Singh Ji eLibrary NamdhariElibrary@gmail.com

# 2.

ਤੇ ਹੁਣ ਸੋਚਣਾ ਇਹ ਹੈ ਕਿ ਕੁਝ ਲੇਖਕਾਂ ਤੇ ਆਮ ਜਨਤਾ ਦਾ ਖਿਆਲ ਹੈ ਕਿ ਜੇ ਨਾਮਧਾਰੀਆਂ ਕੁਰਬਾਨੀਆਂ ਦਿਤੀਆਂ ਤਾਂ ਉਹ ਗਊ ਰਖਿਆ ਬਦਲੇ ਦਿਤੀਆਂ ਨਾਂ ਕਿ ਦੇਸ਼ ਦੀ ਅਜ਼ਾਦੀ ਖਾਤਰ। ਪਰ ਜੇ ਅਸੀਂ ਜ਼ਰਾ ਕੁ ਡੂੰਘਾਈ ਵਲ ਜਾਈਏ ਤਾਂ ਸਾਫ ਸਪਸ਼ਟ ਹੋ ਜਾਂਦਾ ਹੈ, ਕਿ ਜੋ ਸ੍ਰੀ ਸਤਿਗੁਰੂ ਜੀ ਨੇ ਗਊ-ਗਰੀਬ ਦਾ ਉਦੇਸ਼ ਲੈ ਲੋਕਾਂ ਨੂੰ ਇਸਤੇ ਅਮਲ ਕਰਨ ਲਈ ਪ੍ਰੇਰਿਆ, ਇਕ ਬੜਾ ਡੂੰਘਾ ਤੇ ਨੀਤੀ ਭਰਪੂਰ ਉਦੇਸ਼ ਨਜ਼ਰ ਆਉਂਦਾ ਹੈ, ਖਾਸ ਕਰ ਇਹ ਉਦੇਸ਼ ਧਰਮ ਦੀ ਰਖਿਆ ਹਿਤ ਬਣਿਆ, ਸਮਾਜ-ਸੁਧਾਰ ਦਾ ਪ੍ਰਤੀਕ ਤੇ ਅੰਗਰੇਜ਼ੀ ਸਾਮਰਾਜ ਵਿਰੁਧ ਇਕ ਇਨਕਲਾਬ ਨਜ਼ਰ ਆਉਂਦਾ ਹੈ।' ਫਿਰ ਕਿਉਂ ਨਾ ਇਨ੍ਹਾਂ ਭਿੰਨ ਭਿੰਨ ਪੱਖਾਂ ਬਾਰੇ ਵਿਚਾਰੀਏ ਕਿ ਇਹ ਉਦੇਸ਼ ਕਿਵੇਂ ਸਰਲ ਹੁੰਦਾ ਹੋਇਆ ਬਹੁ-ਪਖੀਆ ਤੇ ਗੁੰਝਲਦਾਰ ਸੀ।

ਭਾਰਤ ਇਕ ਧਰਮ-ਪਖੀ ਦੇਸ਼ ਹੈ। ਇਸ ਦੇਸ਼ ਵਿਚ ਸਦੀਆਂ ਤੋਂ ਆਮ ਲੋਕ ਗਊ ਨੂੰ 'ਗਊ-ਮਾਤਾ' ਕਹਿ ਕੇ ਪੁਕਾਰਦੇ ਆਏ ਹਨ। ਵੇਦ ਸ਼ਾਸਤਰ ਵਿਚ ਵੀ ਇਸ ਦੀ ਉਸਤਤ ਕੀਤੀ ਗਈ ਹੈ। ਇਸੇ ਲਈ ਸਤਿਗੁਰੂ ਜੀ ਨੇ ਧਰਮ ਨੂੰ ਉਚਿਆਂ ਚੁਕਣ ਹਿਤ ਸੰਸਕ੍ਰਿਤੀ ਨੂੰ ਅਪਣਾਉਂਦੇ ਹੋਏ, 'ਗਊ-ਰਖਿਆ' ਆਪਣਾ ਉਦੇਸ਼ ਰਖਿਆ। ਕੁਝ ਕੁ ਸਿਖ ਲੇਖਕਾਂ ਦਾ ਕਹਿਣਾ ਹੈ ਕਿ ਗਊ ਦੀ ਮਹਾਨਤਾ ਕੇਵਲ ਹਿੰਦੂ ਧਰਮ ਵਿਚ ਹੈ, ਸਿਖ ਧਰਮ ਵਿਚ ਇਸ ਦਾ ਕੋਈ ਸਥਾਨ ਨਹੀਂ ਜਾਂ ਫਿਰ ਇੰਜ ਕਹਿੰਦੇ ਹਨ "ਗਊ ਦੇ ਮਾਮਲੇ ਵਿਚ ਕੂਕੇ ਹਿੰਦੂਆਂ ਨਾਲੋਂ ਵੀ ਕੱਟੜ ਹਨ ਅਤੇ ਛੇਤੀ ਹੀ ਭੜਕ ਪੈਂਦੇ ਹਨ।" **(ਪੰਜਾਬ, ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ ਪੰਨਾ 107, ਡਾ: ਗੰਡਾ ਸਿੰਘ)।**

"ਨਾਮਧਾਰੀਆਂ ਵਿਚ ਗਊ ਨੂੰ ਮਹਾਨਤਾ ਦੇਣ ਦੀ ਪ੍ਰਥਾ ਹੈ। ਪਰ ਗੁਰਬਾਣੀ ਵਿਚ ਕਿਧਰੇ ਵੀ ਗਊ ਨੂੰ ਮਹਾਨਤਾ ਨਹੀਂ ਦਿਤੀ ਗਈ ਇਸ ਲਈ



Sri Satguru Jagjit Singh Ji eLibrary NamdhariElibrary@gmail.com

ਨਿਰੰਕਾਰੀ ਇਸ ਮਹਾਨਤਾ ਨੂੰ ਗੁਰੂ ਆਸ਼ੇ ਦੇ ਵਿਰੁਧ ਸਮਝਦੇ ਹਨ। (ਕਾਲਮ **4, ਪੰਨਾ 3, 21 ਜਨਵਰੀ 1974 'ਨਤੀਜਾ' ਅਖਬਾਰ ਲੇਖਕ ਡਾ: ਮਾਨ ਸਿੰਘ)।**

ਪਰ ਮੈਨੂੰ ਤਾਂ ਇੰਜ ਲਗਦਾ ਹੈ ਕਿ ਡਾ: ਸਾਹਿਬ ਗੁਰਬਾਣੀ ਤੋਂ ਬਿਲਕੁਲ ਅਣਜਾਣ ਹਨ ਨਹੀਂ ਤਾਂ ਉਪਰੋਕਤ ਸ਼ਬਦ ਨਾ ਲਿਖਦੇ। ਕਿਉਂਕਿ ਗੁਰਬਾਣੀ ਵਿਚ ਤਾਂ ਕਈ ਥਾਂ ਗਊ ਨੂੰ ਉਚ ਸਥਾਨ ਬਖਸ਼ਿਆ ਹੈ ਜਿਵੇਂ ਕਿ :

1. ਗਊ ਬਰਾਹਮਣ ਮਾਰੀਐ ਗੋਤਰੀ ਹਤਿ ਕਰਾਇ।
   ਰਿਣ ਹਤਿਆ ਕੰਨਿਆ ਹਤਿਆ ਵਿਸ਼ਵਾਸ਼ ਘਾਤ ਅਧਿਕਾਏ।
2. ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ।
   ਗਊ ਸੂਅਰ ਨੂੰ ਮਾਰਿਆ ਲਗਨ ਬਹੁਤ ਅਜ਼ਾਬ।
3. ਗਊ ਚੌਦਵਾਂ ਰਤਨ ਹੈ ਕਾਮਧੇਨ ਤਿਹ ਨਾਮ।
   ਪੂਜਨ ਸਭ ਅਉਤਾਰ ਤਿਸ ਕਰਕੇ ਮਾਤ ਸਮਾਨ।
4. ਬਰਾਹਮਣ ਕੈਲੀ ਘਾਤ ਕੰਞਕਾ ਅਣਚਾਰੀ ਕਾ ਧਾਨ।
   ਫਿਟਕ ਫਿਟਕਾ ਕੋੜ ਬਦੀ ਸਦਾ ਸਦਾ ਅਭਿਮਾਨ।
5. ਜ਼ਿਦੋ ਜ਼ਿੱਦੀ ਆਪ ਵਿਚ ਹਿੰਦੂ ਤੁਰਕ ਲੜਾਇ।
   ਉਨ੍ਹਾਂ ਮਾਰਿਆ ਸੂਰ ਨੋ ਉਨ੍ਹਾਂ ਮਾਰੀ ਗਾਇ।
   ਦੁਹਾਂ ਕੀਤੀ ਹਤਿਆ ਮੁਏ ਨਾ ਜੀਵੈ ਫੇਰ।
   ਦਰਗਹ ਸੱਚੇ ਰੱਬ ਦੀ ਦੁਇ ਲਹਿਨ ਸਜਾਈ ਢੇਰ।

   (ਜਨਮ ਸਾਖੀ ਭਾਈ ਬਾਲਾ, ਪੰਨਾ 208)

5. ਗਊ ਭੈਂਸ ਤੇ ਮੁਰਗੀਆਂ ਜੋ ਹੋਇ ਹੈਵਾਨ ਗ਼ਰੀਬ।
   ਤਿਹ ਪਰ ਛੁਰੀ ਹਰਾਮ ਹੈ, ਖਾਵਨ ਤਿਨਾਂ ਪਲੀਤ।

   (ਜਨਮ ਸਾਖੀ ਭਾਈ ਬਾਲਾ, ਪੰਨਾ 214)

ਡਾ: ਗੰਡਾ ਸਿੰਘ ਵਲੋਂ ਹੀ ਸੰਪਾਦਿਤ ਪੁਸਤਕ "The Punjab Past & Present" ਵਿਚ ਦਬਿਸਤਾਨ ਮਜ਼ਾਹਿਬ ਦੇ ਲੇਖਕ ਅਨੁਸਾਰ "Holding wine and pork unlawful, he (Nanak) as stained from animal food and enjoined aganist crudly to animals" ਕੀ ਡਾ: ਸਾਧਿਬ ਨੇ ਇਹ ਲਾਇਨਾਂ ਨਹੀਂ ਪੜ੍ਹੀਆਂ, ਜਾਂ ਫਿਰ ਉਹ ਗਊ ਨੂੰ

Sri Satguru Jagjit Singh Ji eLibrary NamdhariElibrary@gmail.com

ਪਸ਼ੂਆਂ ਜੀਆਂ, ਜਾਂ ਜਾਨਵਰਾਂ ਵਿਚ ਨਹੀਂ ਗਿਣਦੇ। ਅਗਰ ਜੀਆਂ (ਜਾਨਵਰਾਂ ਪਸ਼ੂ ਆਦਿ) ਦਾ ਮਾਸ ਖਾਣ ਤੋਂ ਨਾਨਕ ਜੀ ਨੇ ਮਨ੍ਹਾ ਕੀਤਾ ਤਾਂ ਕੀ ਪਸ਼ੂਆਂ ਨੂੰ ਮਾਰਨਾ ਜਾਇਜ਼ ਹੈ। ਤੇ ਜੇ ਫਿਰ ਨਾਮਧਾਰੀਆਂ ਗਊ ਰਖਿਆ ਲਈ ਜਾਨਾਂ ਦੀ ਬਾਜ਼ੀ ਲਾਈ ਤਾਂ ਕੀ ਫਿਰ ਇਹ ਇਨ੍ਹਾਂ ਦੀ ਮੂਰਖਤਾ ਸੀ।

ਇਸ ਦੇ ਨਾਲ ਸਾਰੇ ਸਿਖ ਭਰਾ ਇਹ ਜਾਣਦੇ ਹਨ ਕਿ ਪੰਚਮ ਪਾਤਸ਼ਾਹ ਨੇ ਸਾਰੇ ਤਸੀਹੇ ਸਹੇ ਪਰ ਜਦੋਂ ਚੰਦੂ ਨੇ ਗਊ ਦੇ ਚਮੜੇ ਵਿਚ ਗੁਰੂ ਜੀ ਨੂੰ ਮੜ੍ਹ ਜਾਣ ਬਾਰੇ ਸੋਚਿਆ ਤਾਂ ਸਤਿਗੁਰੂ ਜੀ ਇਹ ਜਾਣ, ਰਾਵੀ ਵਿਚ ਇਸ਼ਨਾਨ ਕਰਨ ਦੀ ਆਗਿਆ ਲੈ ਅਲੋਪ ਹੋ ਗਏ। ਇਸ ਤੋਂ ਇਹ ਸਾਫ ਸਪਸ਼ਟ ਹੋ ਜਾਂਦਾ ਹੈ, ਕਿ ਜਿਥੇ ਸਤਿਗੁਰੂ ਜੀ ਨੇ ਇਤਨੇ ਤਸੀਹੇ ਸਹਿ ਲਏ ਸਨ, ਉਹ ਇਹ ਵੀ ਜਰ ਸਕਦੇ ਸਨ, ਪਰ ਕਿਉਂਕਿ ਗਊ ਦੀ ਰੱਖਿਆ ਕਰਨਾ ਸਾਡਾ ਧਰਮ ਸੀ, ਇਸ ਲਈ ਉਨ੍ਹਾਂ ਨੇ ਗਊ ਦੀ ਹਤਿਆ ਹੁੰਦੀ ਵੇਖ ਅਲੋਪ ਹੋਣਾ ਠੀਕ ਸਮਝਿਆ।

ਇਥੇ ਹੀ ਬਸ ਨਹੀਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗਊ ਨੂੰ ਮਾਨਤਾ ਦਿਤੀ। ਜਦੋਂ ਪਹਾੜੀ ਰਾਜਿਆਂ ਨੇ ਅਨੰਦਪੁਰ ਕਿਲੇ ਨੂੰ ਚਾਰੋਂ ਤਰਫ ਘੇਰ ਲਿਆ ਤਾਂ ਸਿਖ ਅਖੀਰ ਨੂੰ ਤੰਗ ਆ ਗਏ। ਉਨ੍ਹਾਂ ਸਤਿਗੁਰੂ ਜੀ ਨੂੰ ਕਿਲਾ ਖਾਲੀ ਕਰਨ ਲਈ ਕਿਹਾ, ਪਰ ਉਹ ਨਾ ਮੰਨੇ। ਪਰ ਜਦੋਂ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਭੇਜੀ ਤੇ ਇਹ ਕਸਮ ਖਾਧੀ, ਕਿ ਉਹ ਕਿਲਾ ਖਾਲੀ ਕਰ ਦੇਣ, ਉਹ ਉਨ੍ਹਾਂ ਨੂੰ ਕੁਝ ਨਹੀਂ ਕਹਿਣਗੇ। ਤਾਂ ਸਤਿਗੁਰੂ ਜੀ ਨੇ ਕਿਲਾ ਖਾਲੀ ਕਰਨ ਬਾਰੇ ਸੋਚ ਲਿਆ। ਅਜੇ ਕਿ ਉਹ ਅੰਤਰਯਾਮੀ ਸਨ।

"ਘਟ ਘਟ ਕੇ ਅੰਤਰ ਕੀ ਜਾਨਤ ਭਲੇ ਬੁਰੇ ਕੀ ਪੀਰ ਪਛਾਨਤ।"

ਗਊ ਦੀ ਸੋਂਹ ਤੇ ਇਤਬਾਰ ਕਰ ਕਿਲ੍ਹਾ ਖਾਲੀ ਕਰ ਦੇਣਾ, ਇਸ ਗੱਲ ਦਾ ਪ੍ਰਤੀਕ ਹੈ ਕਿ ਉਨ੍ਹਾਂ ਨੇ ਗਊ ਨੂੰ ਮਹਾਨ ਸਮਝਿਆ ਤੇ ਸਿਖਾਂ ਨੂੰ ਵੀ ਇਹ ਸਮਝਾਉਣ ਲਈ ਹੀ, ਉਨ੍ਹਾਂ ਕਿਲਾ ਖਾਲੀ ਕਰਨ ਲਈ ਸੋਚ ਲਿਆ।

ਜੋ ਹਮ ਧੇਨੁ ਸਪਥ ਨਹਿ ਮਾਨੇ ਆਨ ਕੌਨ ਤਬ ਮਾਨੇ।
ਦਯਾ ਸਿੰਘ! ਚਿਤ ਸਮੁਝਿ ਬਿਚਾਰਹੁ ਰਿਪੁ ਜੀਵਤਿ ਹਤਿ ਜਾਨੇ ॥45॥

(ਸ੍ਰੀਗੁਰ ਪ੍ਰਤਾਪ ਸੂਰਜ, ਪੰਨਾ 5362 ਰਿਤੁ 4 ਅੰਸੂ 37)

ਜੇ ਇਹ ਕਹੀਏ ਕਿ ਉਨ੍ਹਾਂ ਗਊ ਦੀ ਕਸਮ ਤੇ ਤਾਂ ਇਤਬਾਰ ਕੀਤਾ ਸੀ ਕਿਉਂਕਿ ਰਾਜੇ ਹਿੰਦੂ ਸਨ ਤੇ ਸੌਂਹ ਉਨ੍ਹਾਂ ਖਾਧੀ ਸੀ। ਪਰ ਲੋਕੋ ਕਸਮ ਹਮੇਸ਼ਾਂ ਉਸ ਚੀਜ਼ ਦੀ ਲਈ-ਦਾਈ ਦੀ ਹੈ ਜਿਸ ਤੇ ਦੋਹਾਂ ਪਖਾਂ ਨੂੰ ਇਤਬਾਰ ਹੋਵੇ, ਭਰੋਸਾ ਹੋਵੇ।

ਹੁਣ ਮੈਂ ਬਿਲਕੁਲ ਸਿਧੀ ਸਾਧੀ ਤੇ ਸਚਾਈ ਭਰਪੂਰ ਉਦਾਹਰਣ ਦੇ ਰਿਹਾ ਹਾਂ ਜਿਸ ਤੋਂ ਇਕ ਅਣਜਾਣ ਵਿਅਕਤੀ ਵੀ ਅੰਦਾਜ਼ਾ ਲਗਾ ਕੇ ਸਿਟੇ ਤੇ ਪਹੁੰਚ ਸਕਦਾ ਹੈ ਕਿ ਗਊ ਨੂੰ ਮਹਾਨ ਮੰਨਣਾ ਚਾਹੀਦਾ ਹੈ ਜਾਂ ਨਹੀਂ, ਜਾਂ ਫਿਰ ਇਹ ਕਹਿ ਲਵੋ ਕਿ ਸਿਖ ਧਰਮ ਵਿਚ ਗਊ ਦਾ ਕੀ ਸਥਾਨ ਹੈ। ਅਸੀਂ ਸਭ ਆਖਦੇ ਹਾਂ ਕਿ ਨੌਂਵੇ ਪਾਤਸ਼ਾਹ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ, ਹਿੰਦ ਧਰਮ ਦੀ ਰਖਿਆ ਲਈ ਆਪਾ ਕੁਰਬਾਨ ਕਰ ਦਿਤਾ।

ਸਤਿਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪੰਥ ਸਾਜਨ ਦਾ ਕਾਰਨ ਹਿੰਦੂ ਧਰਮ ਦੀ ਰਖਿਆ ਸੀ, ਉਨ੍ਹਾਂ ਦੀ ਲਿਖਤ ਤੋਂ ਸਪਸ਼ਟ ਹੋ ਜਾਂਦਾ ਹੈ।

"ਸਕਲ ਜਗਤ ਮੋ ਖਾਲਸਾ ਪੰਥ ਗਾਜੈ।
ਜਗੈ ਧਰਮ ਹਿੰਦੁਕ ਤੁਰਕਨ ਦੁੰਦ ਭਾਜੈ।"

ਤੇ ਜਿਥੋਂ ਤਕ ਗਉ-ਰਖਿਆ ਦਾ ਸੁਆਲ ਹੈ ਉਹ ਵੀ ਹਲ ਹੋ ਜਾਂਦਾ ਹੈ।

"ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ।"

ਇਸੇ ਤਰ੍ਹਾਂ :

"ਯਹੀ ਬੇਨਤੀ ਖਾਸ ਹਮਰੀ ਸੁਣੀਜੈ।
ਅਸੁਰ ਮਾਰ ਕਰ ਹੱਛ ਗਊਅਨ ਕਰੀਜੈ।"

ਨੌਂਵੇ ਪਾਤਸ਼ਾਹ ਨੂੰ "ਹਿੰਦ ਦੀ ਚਾਦਰ" ਕਹਿ ਸਤਿਕਾਰਣ ਤੋਂ ਭਾਵ ਇਹ ਹੀ ਹੈ, ਕਿ ਉਨ੍ਹਾਂ ਨੇ ਹਿੰਦੁਸਤਾਨ ਦੀ ਰੁੜ੍ਹਦੀ ਸੰਸਕ੍ਰਿਤੀ ਨੂੰ ਆਪਣੀ ਦੇਹ ਦੀ ਆਹੂਤੀ ਦੇ ਨਵ-ਜੀਵਨ ਬਖਸ਼ਿਆ। ਇਕ ਮਿੰਟ ਲਈ ਉਪਰੋਕਤ ਕਥਨਾਂ ਨੂੰ ਜੇ ਕੋਈ ਨਾਂ ਵੀ ਮੰਨਣ ਨੂੰ ਤਿਆਰ ਹੋਵੇ ਤਾਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਖਾਲਸੇ ਦੀ ਸਿਰਜਣਾ ਹਿੰਦੂ ਧਰਮ ਦੀ ਰਖਿਆ ਕਰਨ ਲਈ ਹੋਈ ਸੀ। ਤੇ ਜੇ ਅਸੀਂ ਹੁਣ ਇਹ ਕਹੀਏ ਕਿ ਸਿਖਾਂ ਲਈ ਗਊ ਦੀ ਕੋਈ ਮਹਾਨਤਾ ਨਹੀਂ, ਤਾਂ ਅਸੀਂ ਆਪਣੇ ਫਰਜ਼ ਤੋਂ ਲਾਂਭੇ ਹੋ ਜਾਂਦੇ

ਹਾਂ, ਕਿਉਂਕਿ ਖਾਲਸੇ ਦਾ ਧਰਮ ਹੈ ਕਿ ਉਹ ਹਿੰਦੂ ਧਰਮ ਦੀ ਰਖਿਆ ਕਰੇ, ਹਿੰਦੂ ਧਰਮ ਵਿਚ ਗਊ ਦੀ ਰਖਿਆ ਕਰਨਾ ਮੁਖ ਕਰਤਵ ਹੈ। ਤਾਂ ਕੀ ਗਊ ਦੀ ਰਖਿਆ ਕਰਨਾ ਸਿਖ ਦਾ ਧਰਮ ਨਹੀਂ ਬਣਦਾ। ਸੋ ਉਸ ਵਕਤ ਹਿੰਦੂ ਧਰਮ ਤਾਂ ਹੀ ਬਚਦਾ ਸੀ ਜੇ ਗਊ ਬਚਦੀ ਸੀ ਤੇ ਗਊ ਤਾਂ ਹੀ ਬਚਦੀ ਸੀ ਜੇ ਗਊ ਮਾਰਨ ਤੋਂ ਰੋਕੀ ਜਾਂਦੀ। ਤੇ ਗਊ ਵਧ-ਰੋਕਣ ਲਈ ਹੀ ਨਾਮਧਾਰੀਆਂ ਨੇ ਕਦਮ ਚੁਕਿਆ। ਤਾਂ ਤੁਸੀਂ ਹੀ ਦਸੋ ਕਿ ਇਹ ਨਾਮਧਾਰੀਆਂ ਦੀ ਮੂਰਖਤਾ ਸੀ ਜਾਂ ਉਨ੍ਹਾਂ ਦਾ ਫਰਜ਼ ਬਣਦਾ ਸੀ। ਇਕ ਗੱਲ ਹੋਰ ਸਿਖ ਧਰਮ ਵਿਚ 'ਸਰਬੱਤ ਦਾ ਭਲਾ'' ਮੰਗਿਆ ਜਾਂਦਾ ਹੈ ਅਰਦਾਸ ਕਰਨ ਲਗੇ। ਤਾਂ ਕੀ ਹਿੰਦੂਆਂ ਦਾ ਭਲਾ ਕਰਨਾ ਸਿਖ ਦਾ ਫਰਜ਼ ਨਹੀਂ ਬਣਦਾ, ਜਦੋਂ ਕਿ ਅਸੀਂ ਸਰਬਤ ਦਾ ਭਲਾ ਚਾਹੁੰਦੇ ਹਾਂ। ਸੋ ਸਪਸ਼ਟ ਹੈ ਕਿ ਕੇਵਲ ਨਾਮਧਾਰੀਆਂ ਦਾ ਹੀ ਫਰਜ਼ ਨਹੀਂ ਬਣਦਾ ਸੀ ਕਿ ਗਊ-ਵਧ ਰੋਕਿਆ ਜਾਵੇ, ਸਗੋਂ ਇਹ ਤਾਂ ਸਮੁੱਚੇ ਭਾਰਤੀ ਦਾ ਫਰਜ਼ ਬਣਦਾ ਸੀ। ਹੁਣ ਆਓ ਇਹ ਵਿਚਾਰੀਏ ਕਿ ਸਤਿਗੁਰੂ ਜੀ ਦਾ ਗਊ ਦੀ ਰਖਿਆ ਕਰਨ ਦਾ ਪ੍ਰਚਾਰ ਕਰਨ ਪਿਛੇ ਸਮਾਜਿਕਤਾ ਤੇ ਰਾਜਨੀਤੀ ਕੀ ਸੀ।

ਅੰਗਰੇਜ਼ ਇਕ ਅਜੇਹੀ ਕੌਮ ਹੈ ਜਿਸ ਨੇ ਲਗ ਭਗ ਦੁਨੀਆਂ ਦੇ ਹਰ ਹਿਸੇ ਤੇ ਰਾਜ ਕੀਤਾ ਹੈ। ਜਦੋਂ ਉਹ ਭਾਰਤ ਵਿਚ ਆਏ ਤਾਂ ਇਥੋਂ ਦੇ ਵਾਤਾਵਰਣ ਨੂੰ ਭਾਂਪਦੇ ਉਨ੍ਹਾਂ ਨੇ Divide & Rule ਦੀ ਨੀਤੀ ਅਪਣਾਈ। ਉਸ ਨੇ ਪਿਆਰ ਦਾ ਸਹਾਰਾ ਲੈ ਸਾਰੇ ਭਾਰਤੀਆਂ ਨੂੰ ਖੇਰੂੰ 2 ਕਰ, ਭਾਰਤ ਤੇ ਕਬਜ਼ਾ ਕਰ ਲਿਆ। ਜੇ ਉਹ ਇਹ ਚਾਹੁੰਦਾ ਕਿ ਬਾਹੂ ਬਲ ਨਾਲ ਭਾਰਤ ਮਾਂ ਨੂੰ ਆਪਣੇ ਪਿੰਜਰੇ ਵਿਚ ਕੈਦ ਕਰ ਲਵੇ ਤਾਂ ਉਹ ਸਫ਼ਲ ਨਹੀਂ ਸੀ ਹੋ ਸਕਦਾ। ਪਰ ਉਸ ਨੇ ਬਾਹੂ ਬਲ ਦੀ ਥਾਂ ਬੁਧੀ ਬਲ ਦੀ ਵਰਤੋਂ ਕੀਤੀ। ਉਸ ਨੇ ਜੋ ਪੰਜਾਬ ਵਿਚ ਗਊ–ਵਧ ਦੀ ਇਜ਼ਾਜਤ ਦਿਤੀ ਸੀ, ਇਸ ਪਿਛੇ ਇਕ ਭੇਦ ਸੀ। ਸਿਖਾਂ ਦੇ ਆਪਣੇ ਰਾਜ ਵਿਚ ਗਊ ਮਾਰਨ ਦੀ ਸਖਤ ਮਨਾਹੀ ਸੀ। ਪਰ ਅੰਗਰੇਜ਼ ਦੀ ਗਊ ਮਾਰਨ ਦੀ ਇਜ਼ਾਜਤ ਦੇਣੀ, ਇਸ ਗਲ ਦਾ ਅਹਿਸਾਸ ਕਰਾਣਾ ਸੀ ਕਿ ਉਹ (ਸਿਖ) ਹੁਣ ਅਜ਼ਾਦ ਨਹੀਂ, ਗੁਲਾਮ ਹਨ। ਦੂਸਰਾ ਹਿੰਦੂ ਮਤ ਅਨੁਸਾਰ ਗਊ ਮਾਤਾ ਸਮਾਨ ਹੈ, ਸੋ ਉਸ ਨੇ ਹਿੰਦੂ ਧਰਮ ਦਾ ਨਾਸ ਕਰਨ ਹਿਤ, ਈਸਾਈ ਮਤ ਦਾ ਪ੍ਰਚਾਰ ਕਰਨ

Sri Satguru Jagjit Singh Ji eLibrary NamdhariElibrary@gmail.com

ਖਾਤਰ ਗਊ ਮਾਰਨ ਦੀ ਖੁਲ ਦੇ ਦਿਤੀ, ਤੇ ਇਸ ਵਿਚ ਇਕ ਵਡਾ ਕਾਰਣ ਇਹ ਸੀ ਕਿ ਉਸ ਨੇ ਹਿੰਦੂ ਮੁਸਲਮਾਨਾਂ ਵਿਚ ਫੁਟ ਪਾਉਣੀ ਸੀ। ਉਹ ਜਾਣਦਾ ਸੀ ਧਰਮ ਦੇ ਨਾਂ ਉਤੇ ਇਹ ਆਪਸ ਵਿਚ ਲੜਦੇ ਰਹਿਣਗੇ, ਇਹ ਈਰਖਾ ਦਵੈਤ ਉਨ੍ਹਾਂ ਨੂੰ ਇਕ ਝੰਡੇ ਹੇਠ ਇਕੱਠੇ ਨਹੀਂ ਹੋਣ ਦੇਵੇਗੀ ਤੇ ਉਸ ਦੀ ਸਤਾ ਕਾਇਮ ਰਹੇਗੀ। ਤੀਸਰਾ ਗਊ ਕਤਲ ਹੋਣ ਨਾਲ ਬੈਲ ਨਹੀਂ ਹੋਵੇਗਾ, ਬੈਲ ਦੀ ਕਮੀ ਹੋਣ ਕਾਰਣ ਖੇਤੀ ਨਹੀਂ ਹੋਵੇਗੀ, ਦੇਸ਼ ਕੰਗਾਲ ਹੋ ਜਾਵੇਗਾ, ਭੁਖ ਦੇ ਮਾਰੇ ਭਾਰਤੀ ਸਦਾ ਉਸ ਦੇ ਗੁਲਾਮ ਬਣ ਉਸ ਅਗੇ ਰੋਟੀ ਲਈ ਹਥ ਅੱਡਣਗੇ। ਪਰ ਸਤਿਗੁਰੂ ਜੀ ਇਸ ਕੋਹੜ ਭਰੀ ਨੀਤੀ ਤੋਂ ਜਾਣੂ ਸਨ, ਇਸੇ ਲਈ ਉਨ੍ਹਾਂ ਨੇ ਇਹ ਉਦੇਸ਼ ਆਪਣੇ ਸਾਹਮਣੇ ਰਖਿਆ **"ਗਊ ਤੇ ਗਰੀਬ"**।

ਕਿਉਂਕਿ ਭਾਰਤ ਖੇਤੀ ਪ੍ਰਦਾਨ ਦੇਸ਼ ਹੈ, ਇਸ ਲਈ ਖੇਤੀ ਨਾ ਹੋਣ ਕਾਰਨ ਲੋਗ ਗਰੀਬ ਹੋ ਜਾਣਗੇ, ਭੁਖ ਤੇ ਕੰਗਾਲੀ ਇਨ੍ਹਾਂ ਨੂੰ ਕਮਜ਼ੋਰ ਕਰ ਸੁਟੇਗੀ ਤੇ ਦੇਸ਼ ਸਦਾ ਲਈ ਕੰਗਾਲ ਹੋ ਜਾਵੇਗਾ ਤੇ ਗੁਲਾਮੀ ਸਦਾ ਇਸ ਨੂੰ ਘੇਰੀ ਰਖੇਗੀ। ਉਨ੍ਹਾਂ ਨੇ ਸਮਾਜ ਦੀ ਆਰਥਿਕ ਅਵਸਥਾ ਨੂੰ ਭਾਂਪਦੇ ਹੀ ਗਰੀਬ ਨੂੰ ਉਪਰ ਚੁਕਣ ਦੀ ਕੋਸ਼ਿਸ਼ ਕੀਤੀ ਤੇ ਖੁਸ਼ਹਾਲੀ ਬਣਾਈ ਰਖਣ ਖਾਤਰ ਗਊ ਰੱਖਿਆ ਕਰਨ ਲਈ ਪ੍ਰੇਰਿਆ। ਹਾਂ ਤੇ ਜਿਥੋਂ ਤਕ ਗਰੀਬ ਦੀ ਰੱਖਿਆ ਕਰਨ ਦਾ ਸੁਆਲ ਹੈ ਤੇ ਉਸ ਦਾ ਅਜ਼ਾਦੀ ਦੀ ਮੁਹਿੰਮ ਨਾਲ ਕਿਤਨਾ ਕੁ ਸਬੰਧ ਹੈ, ਇਸ ਬਾਰੇ ਮੈਂ ਥੋੜਾ ਜਿਹਾ ਇਥੇ ਜ਼ਿਕਰ ਕਰ ਰਿਹਾ ਹਾਂ।

ਸਤਿਗੁਰੂ ਜੀ ਨੇ ਅਜ਼ਾਦੀ ਦੇ ਭਾਵ ਨੂੰ ਪੂਰੀ ਤਰ੍ਹਾਂ ਸਮਝਿਆ। ਅਜ਼ਾਦੀ ਤੋਂ ਭਾਵ ਕੇਵਲ ਬਦੇਸ਼ੀ ਹਕੂਮਤ ਤੋਂ ਹੀ ਅਜ਼ਾਦ ਹੋਣਾ ਨਹੀਂ ਹੁੰਦਾ। ਅਜ਼ਾਦੀ ਤੋਂ ਭਾਵ ਹਰ ਇਕ ਵਿਅਕਤੀ ਨੂੰ ਪੂਰਨ ਅਜ਼ਾਦੀ ਤੋਂ ਹੈ। ਭਾਵ All men are equal ਦਾ ਸਿਧਾਂਤ ਅਪਣਾਇਆ ਜਾਣਾ ਚਾਹੀਦਾ ਹੈ। ਅਮੀਰ ਗਰੀਬ ਨੂੰ ਬਰਾਬਰ ਦੇ ਅਧਿਕਾਰ ਹੋਣੇ ਚਾਹੀਦੇ ਹਨ। ਸਤਿਗੁਰੂ ਜੀ ਨੇ ਇਹ ਸੋਚ ਕੇ ਜਦੋਂ ਤਕ ਅਮੀਰ ਗਰੀਬ ਦਾ ਭੇਦ ਮਿਟ ਨਹੀਂ ਜਾਂਦਾ, ਜਦੋਂ ਤਕ ਇਨ੍ਹਾਂ ਵਿਚ ਆਪਸੀ ਖਿਚੋਤਾਣ ਰਹੇਗਾ, ਦੇਸ਼ ਅਜ਼ਾਦ ਨਹੀਂ ਹੋ ਸਕਦਾ, ਲੋਕਾਂ ਨੂੰ ਇਕ ਝੰਡੇ ਥਲੇ ਇਕੱਠੇ ਨਹੀਂ ਕੀਤਾ ਜਾ ਸਕਦਾ, ਮਹਿਲਾਂ ਵਿਚ ਰਹਿਣ ਵਾਲਾ ਝੁਗੀ ਵਾਲੇ ਦੀ ਗਲ ਮੰਨਣ ਨੂੰ ਤਿਆਰ ਨਹੀਂ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

ਜਦ ਤਕ ਪੈਸੇ ਦੀ ਥਾਂ ਗੁਣਾਂ ਨੂੰ ਤਰਜ਼ੀਹ ਨਹੀਂ ਦਿਤੀ ਜਾਂਦੀ, ਗੁਲਾਮੀ ਨਹੀਂ ਜਾ ਸਕਦੀ। ਇਸੇ ਲਈ ਉਨ੍ਹਾਂ ਨੇ ਗਰੀਬ ਨੂੰ ਉਪਰ ਚੁਕਣ ਲਈ ਉਪਦੇਸ਼ ਦਿਤਾ ਤੇ ਹੇਠ ਲਿਖੇ ਢੰਗ ਅਪਣਾਏ :—

1. ਸਭ ਨੂੰ ਖਦਰ ਪਹਿਨਣ ਲਈ ਪ੍ਰੇਰਨਾ।

2. ਇਕੋ ਜਿਹਾ ਤੇ ਸਾਧਾ ਪਹਿਰਾਵਾ ਬਖਸ਼ਿਆ।

3. ਆਨੰਦ ਵਿਆਹ, ਭਾਵ ਸਾਦਾ ਵਿਆਹ ਕਰਨ ਲਈ ਉਪਦੇਸ਼ ਕੀਤਾ। ਦਾਜ-ਪ੍ਰਸਥਾ ਦਾ ਸਖਤ ਵਿਰੋਧ ਕੀਤਾ। ਨਾਮਧਾਰੀਆਂ ਦੇ ਵਿਆਹ ਬਾਰੇ ਇਹ ਆਮ ਪ੍ਰਚਲਤ ਹੈ ਕਿ ਕੂਕਿਆਂ ਦਾ ਸਵਾ ਰੁਪਏ ਵਿਚ ਵਿਆਹ ਹੁੰਦਾ ਹੈ।

4. ਜਾਤੀ ਪ੍ਰਥਾ ਦਾ ਨਾਸ ਕਰ ਅੰਤਰਜਾਤੀ ਵਿਆਹ ਪ੍ਰਥਾ ਦਾ ਪ੍ਰਚਲਨ ਸ਼ੁਰੂ ਕੀਤਾ।

ਸਤਿਗੁਰੂ ਜੀ ਕਹਿੰਦੇ ਸਨ ਜਿਸ ਨਾਲ ਰੋਟੀ ਦੀ ਸਾਂਝ ਹੈ, ਬੇਟੀ ਦੀ ਸਾਂਝ ਬਣਾਓ। ਇਥੇ ਹੀ ਬਸ ਨਹੀਂ ਸਤਿਗੁਰੂ ਜੀ ਨੇ ਕੇਵਲ ਅਮੀਰ ਗਰੀਬ ਦਾ ਭੇਦ ਭਾਵ ਨਹੀਂ ਮਿਟਾਇਆ, ਮਰਦ-ਇਸਤਰੀ ਵਿਚਕਾਰ ਬਰਾਬਰਤਾ ਦੀ ਬੁਨਿਆਦ ਰਖਣ ਹਿਤ ਇਸਤ੍ਰੀ ਨੂੰ ਵੀ ਮਰਦ ਵਾਂਗ ਅੰਮ੍ਰਿਤ ਛਕਾਇਆ।

ਸੋ ਉਮੀਦ ਹੈ ਕਿ ਆਪ ਜਾਣ ਗਏ ਹੋਵੋਗੇ ਕਿ ਕਿਉਂ ਸਤਿਗੁਰੂ ਜੀ ਨੇ **ਗਊ ਤੇ ਗਰੀਬ** ਦਾ ਉਦੇਸ਼ ਅਪਣਾਇਆ। ਸਤਿਗੁਰੂ ਜੀ ਨੇ ਇਹ ਜਾਣਦੇ ਹੋਏ ਕਿ ਭਾਰਤੀ ਲੋਕ ਲੀਕ ਦੇ ਫਕੀਰ ਹਨ। ਧਰਮ ਦੇ ਪੁਜਾਰੀ, ਫਹਿਮਾਂ ਦੇ ਸ਼ਿਕਾਰੀ ਹੋਏ ਫਿਰਦੇ ਹਨ। ਇਸ ਲਈ ਆਪ ਨੇ ਇਹ ਉਦੇਸ਼ ਅਪਣਾਇਆ ਸੀ। ਉਨ੍ਹਾਂ ਨੇ ਧਰਮ ਦਾ ਪ੍ਰਚਾਰ ਕਰ, ਲੋਕਾਂ ਨੂੰ ਆਪਣੇ ਵਲ ਆਕਰਸ਼ਿਤ ਕਰ, ਉਨ੍ਹਾਂ ਵਿਚ ਆਤਮਿਕ ਬਲ ਪੈਦਾ ਕੀਤਾ। ਸਮਾਜਿਕ ਕੁਰੀਤੀਆਂ ਤੋਂ ਜਾਣੂ ਕਰਾ, ਉਨ੍ਹਾਂ ਦੇ ਮਨ ਸਾਫ਼ ਕਰ, ਇਕ ਝੰਡੇ ਹੇਠ ਇਕੱਠੇ ਕਰ, ਦੇਸ਼ ਦੀ ਗੁਲਾਮੀ ਦੇ ਜਾਲ ਨੂੰ ਫੂਕਣ ਲਈ, ਉਪਦੇਸ਼ ਦਿਤਾ ਅਤੇ ਗਊ ਗਰੀਬ ਦਾ ਉਦੇਸ਼ ਸਾਹਮਣੇ ਰਖ ਉਨ੍ਹਾਂ ਦੀਆਂ ਆਤਮਾਵਾਂ ਨੂੰ ਟੁੰਭਿਆ। ਇਹ ਸੀ ਕੁਝ ਕੁ, ਨਾਮਧਾਰੀਆਂ ਨੇ ਗਊ ਪਿਛੇ ਕਿਉਂ ਕੁਰਬਾਨੀਆਂ ਦਿਤੀਆਂ, ਬਾਰੇ ਵਿਚਾਰ। ਪਰ ਸ਼ਾਇਦ ਸ਼ੰਕਾ ਨਵਿਰਤ ਨਾ ਹੋਇਆ ਹੋਵੇ. ਕੁਝ ਕੁ ਹੋਰਨਾਂ ਦੇ ਵਿਚਾਰ ਵੀ ਪੜ੍ਹ ਲਈਏ ਤਾਂ ਠੀਕ ਰਹੇਗਾ। ਸੋ ਪੇਸ਼ ਹਨ :

Sri Satguru Jagjit Singh Ji eLibrary NamdhariElibrary@gmail.com

"ਕੂਕੇ ਕਈ ਕਾਰਣਾਂ ਕਰਕੇ ਗਊ-ਹਤਿਆ ਦੇ ਸਖਤ ਵਿਰੁਧ ਸਨ। ਇਕ ਇਨ੍ਹਾਂ ਦੇ ਪਿਛੇ ਅੰਗਰੇਜ਼ ਦਾ ਹਥ ਸੀ, ਅੰਗਰੇਜ਼ਾਂ ਨੇ ਹੀ ਇਹ ਬੁਚੜਖਾਨੇ ਸ਼ੁਰੂ ਕੀਤੇ ਸਨ ਤੇ ਉਹੀ ਇਨ੍ਹਾਂ ਨੂੰ ਬੰਦ ਨਹੀਂ ਸਨ ਹੋਣ ਦਿੰਦੇ। ਦੂਜੇ ਗਊ-ਹਤਿਆ ਦਾ ਬੰਦ ਕਰਨਾ ਅਜ਼ਾਦੀ ਦੀ ਮੁਹਿੰਮ ਨਾਲ ਇਕ ਡੂੰਘਾ ਸਬੰਧ ਰਖਦਾ ਸੀ ਕਿਉਂਕਿ ਖਾਲਸੇ ਦੀ ਆਪਣੀ ਹਕੂਮਤ ਦੇ ਦਿਨਾਂ ਵਿਚ ਗਊ-ਹਤਿਆ ਦੀ ਸਖਤ ਮਨਾਹੀ ਹੁੰਦੀ ਸੀ। ਤੀਜੇ ਜੇ ਮੁਹਿੰਮ ਗਊ-ਹਤਿਆ ਵਰਗੇ ਨਾਜ਼ਕ ਸਵਾਲ ਤੋਂ ਛੇੜੀ ਜਾਏ, ਤਾਂ ਇਸ ਦੀ ਸਫਲਤਾ ਵਿਚ ਸ਼ਕ ਦੀ ਕੋਈ ਥਾਂ ਨਹੀਂ ਰਹੇਗੀ।"
(ਪੰਨਾ 96-97 "ਪੰਜਾਬੀ ਵੀਰ ਪਰੰਪਰਾ ਦਾ ਵਿਕਾਸ" ਵਲੋਂ **ਡਾ: ਫੌਜਾ ਸਿੰਘ**)

"ਸਤਿਗੁਰੂ ਰਾਮ ਸਿੰਘ ਜੀ ਨੇ ਸਿਧਾਂਤਾਂ ਅਤੇ ਅਮਲਾਂ ਉਤੇ ਬੜੀ ਚੰਗੀ ਤਰ੍ਹਾਂ ਸੋਚ ਕ ਜਥੇਬੰਦੀ ਦੇ ਢੰਗ ਅਤੇ ਥਿਊਰੀਆਂ ਵੀ ਨਾਲ 2 ਹੀ ਪੈਦਾ ਕੀਤੇ...... ਹਰ ਜਥੇਬੰਦੀ ਵਿਚ ਇਸ ਗਲ ਦੀ ਅਤਿਅੰਤ ਲੋੜ ਜਾਣੀ ਗਈ ਹੈ ਕਿ ਸ਼ਰਧਾਲੂ ਦਾ ਬੇਓੜਕਾ ਭਰੋਸਾ ਅਤੇ ਸ਼ਕਤੀਆਂ ਨੂੰ ਇਕ ਥਾਂ ਜਮਾਂ ਕਰਨ ਲਈ ਇਕ ਕੇਂਦਰੀ-ਨੁਕਤਾ ਹੋਵੇ। ਇਹ ਵਿਸ਼ਵਾਸ਼ ਕੇਂਦਰ, ਕੋਈ ਰਹਸਵਾਦੀ ਨਾ ਸਮਝਣ ਯੋਗ ਜਾਂ ਸਦਾ ਬਦਲਣ ਵਾਲਾ ਨਹੀਂ ਹੋਣਾ ਚਾਹੀਦਾ ਸਗੋਂ ਸਦਾ ਚਮਕੀਲਾ, ਪੁਖਤਾ ਅਤੇ ਪ੍ਰਕਾਸ਼ਮਾਨ ਸ਼ੈ ਵਰਗਾ ਅਭੁਲ ਹੋਣਾ ਚਾਹੀਦਾ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੰਗਰਾਮ ਦਾ ਕੇਂਦਰ ਗਊ ਨੂੰ ਬਣਾਇਆ।"
(Armed Struggle for Freedom-Ninety years war of Indians Independence 1857 to Subbash, **ਸ੍ਰੀ ਬਾਲ ਸ਼ਾਸਤਰੀ ਹਰਿਦਾਸ ਜੀ**)

ਗੁਰੂ ਰਾਮ ਸਿੰਘ ਜੀ ਨੇ ਗਊ ਤੇ ਗਰੀਬ ਦੀ ਰੱਖਿਆ ਕਰਨੀ ਆਪਣਾ ਮੁਖ ਕਰਤੱਵ ਰਖਿਆ। ਗਰੀਬ ਦੀ ਰੱਖਿਆ ਕਰਨਾ ਸਭ ਧਰਮਾਂ ਤੋਂ ਉਚਾ ਧਰਮ ਹੈ। ਗਊ ਵਾਸਤੇ ਉਨ੍ਹਾਂ ਕਿਹਾ ਕਿ ਹਿੰਦੁਸਤਾਨ ਦੀ ਗਊ ਨਿਰੀ ਪੂਜਣ ਦੀ ਥਾਂ ਨਹੀਂ ਸਗੋਂ ਸਭ ਤੋਂ ਵਡੀ ਪੂੰਜੀ ਵੀ ਗਊ ਹੀ ਹੈ। ਗਊ ਦੇ ਬੱਚੇ ਖੇਤੀ ਵਿਚ ਸਭ ਤੋਂ ਮੋਹਰੇ ਹਨ ਅਤੇ ਅਨਾਜ ਹੀ ਨਰ ਦੀ ਉਪਜੀਵਕਾ ਹੈ। ਅੰਗਰੇਜ਼ ਦੀ ਨੀਤੀ ਗਊ ਨੂੰ ਕਤਲ ਕਰਕੇ ਹਿੰਦੂ ਧਰਮ ਨੂੰ ਠੇਸ ਲਾਉਣੀ ਹੀ ਨਹੀਂ ਸੀ। ਉਸ ਦੇ ਸਾਹਮਣੇ ਇਕ ਤੀਰ ਤੇ ਦੋ ਨਿਸ਼ਾਨੇ ਸਨ। ਹਿੰਦੂ ਧਰਮ ਦਾ ਵਿਸ਼ਵਾਸ ਤੇ ਹਿੰਦਸਤਾਨ ਨੂੰ ਕੰਗਾਲ ਕਰਨਾ। ਉਸ ਨੇ ਗਊ ਧਨ ਖਤਮ ਕਰਕੇ ਹਜ਼ਾਰਾਂ

ਸਦੀਆਂ ਭਾਰਤ ਨੂੰ ਗੁਲਾਮ ਰਖਣ ਦੀ ਲੰਮੀ ਸੋਚ ਸੋਚੀ ਹੋਈ ਸੀ। ਪਰ ਗੁਰੂ ਰਾਮ ਸਿੰਘ ਜੀ ਨੇ ਇਸ ਨੀਤੀ ਨੂੰ ਭਾਂਪਦਿਆਂ ਗਊ ਤੇ ਗਰੀਬ ਦੀ ਰੱਖਿਆ ਕਰਨ ਦਾ ਪ੍ਰਣ ਲੈ ਲਿਆ। ਇਹਨਾਂ ਦੇ ਲਾਡਲੇ ਬੀਰਾਂ ਨੇ ਆਪਣੇ ਖੂਨ ਦੀ ਅਹੂਤੀ ਦੇ ਕੇ ਲਗਦੇ ਕਲੰਕ ਨੂੰ ਧੋ ਸੁਟਿਆ।......ਅਜ਼ਾਦੀ ਦਾ ਭਾਵ ਹੈ ਗਰੀਬ ਨੂੰ ਬਰਾਬਰਤਾ ਦੇਣੀ ਹੈ, ਸੋ ਗੁਰੂ ਰਾਮ ਸਿੰਘ ਜੀ ਨੇ ਅਜ਼ਾਦੀ ਦਾ ਰਾਹ ਰੋਸ਼ਨ ਕੀਤਾ ਜਿਸ ਤੇ ਗਾਂਧੀ ਜੀ ਨੇ ਤੁਰ ਕੇ ਦੇਸ਼ ਨੂੰ ਅਜ਼ਾਦ ਕਰਾਇਆ। **(ਸ੍ਰੀ ਯਸ਼ ਜੀ ਸਾਬਿਕਾ ਮੰਤਰੀ ਪੰਜਾਬ** ਸ਼ਤਾਬਦੀ ਨਿਊਜ਼ ਨਵੰਬਰ 1972)

ਕਪੂਰ ਸਿੰਘ I. C. S. ਦੇ ਸ਼ਬਦਾਂ ਨੂੰ ਪੜ੍ਹ ਇਕ ਅਣਜਾਣ ਵਿਅਕਤੀ ਵੀ ਸਮਝ ਜਾਂਦਾ ਹੈ ਕਿ ਸਤਿਗੁਰੂ ਜੀ ਦੀ ਨੀਤੀ ਅਸਲ ਵਿਚ ਹੈ ਕੀ ਸੀ। ਗਊ ਤੇ ਬ੍ਰਾਹਮਣ ਭਾਰਤ ਦੀ ਸੰਸਕ੍ਰਿਤੀ ਦੇ ਚਿਰੰਕਾਲ ਤੋਂ ਚਿੰਨ ਮੰਨੇ ਗਏ ਹਨ। ......ਜਦੋਂ ਬ੍ਰਾਹਮਣੀ ਮੱਤ ਵਿਚ ਕੁਰੀਤੀਆਂ ਤੇ ਗਿਲਾਨੀ ਆ ਗਈ ਤਾਂ ਬ੍ਰਾਹਮਣਾ ਦਾ ਪ੍ਰਾਚੀਨ ਸਮਿਆਂ ਵਾਲਾ ਉਚਾ ਸੁੱਚਾ ਜੀਵਨ ਨਾ ਰਿਹਾ ਤੇ ਸਿਖ ਮੱਤ ਦੇ ਅਸਰ ਤੇ ਪ੍ਰਚਾਰ ਹੇਠਾਂ "ਗਊ ਗਰੀਬ, ਗਊ ਬ੍ਰਾਹਮਣ ਦੀ ਥਾਂ ਪ੍ਰਚਲਤ ਹੋ ਗਏ। ਭਾਵ ਇਹ ਸੀ, ਜੋ ਜੀਵਾਂ ਉਤੇ ਦਇਆ ਤੇ ਗਰੀਬ ਦੀ ਰੱਖਿਆ। ਗੁਰੂਆਂ ਦੇ ਦਰਸਾਏ ਹੋਏ ਮਾਰਗ ਉਤੇ ਚਲਣ ਵਾਲਿਆਂ ਦਾ ਧਰਮ ਨਿਸ਼ਾਨਾ ਬਣ ਗਿਆ।......

ਅਠਾਰਵੀਂ ਸਦੀ ਵਿਚ ਸਿਖਾਂ ਨੇ ਮੁਸਲਮਾਨਾਂ ਦਾ ਰਾਜ ਖਤਮ ਕਰਕੇ ਆਪਣਾ ਰਾਜ ਸਥਾਪਤ ਕਰ ਲਿਆ ਸੀ ਉਦੋਂ ਆਪਣੇ ਸਾਰੇ ਰਾਜ ਤੇ ਇਲਾਕਿਆਂ ਵਿਚ ਗਊ-ਬਧ ਦੀ ਮਨਾਹੀ ਕਰ ਦਿਤੀ ਸੀ......ਗਊ-ਬੱਧ ਦਾ ਰੋਕਣਾ ਤੇ ਰੁਕਵਾਉਣਾ ਇਸ ਗੱਲ ਦਾ ਸਬੂਤ ਤੇ ਚਿਨ੍ਹ ਸੀ, ਜੁ ਬਿਦੇਸ਼ੀਆਂ ਦਾ ਰਾਜ ਤੇ ਗਲਬਾ ਭਾਰਤਵਾਸੀਆਂ ਜਾਂ ਦੇਸ਼ ਉਤੋਂ ਉਠ ਗਿਆ ਹੈ। ਗਊ-ਬੱਧ ਨੂੰ ਸਰਕਾਰੀ ਤੌਰ ਤੇ ਪ੍ਰਵਾਨ ਕਰਨਾ ਇਸ ਗੱਲ ਦਾ ਸਬੂਤ ਤੇ ਚਿੰਨ੍ਹ ਸੀ ਜੁ ਭਾਰਤ ਦੇਸ਼ ਤੇ ਭਾਰਤਵਾਸੀ, ਪ੍ਰਾਧੀਨ ਹਨ। ਜਦੋਂ 1849 ਵਿਚ ਅੰਗਰੇਜ਼ ਨੇ ਪੰਜਾਬ ਦੇਸ਼ ਨੂੰ ਆਪਣੇ ਅਧਿਕਾਰਾਂ ਹੇਠਾਂ ਲੈਕੇ ਸਿਖ ਰਾਜ ਦਾ ਖਾਤਮਾ ਕਰ ਦਿਤਾ ਤਾਂ ਉਹਨਾਂ ਨੇ ਪਹਿਲਾ ਕੰਮ ਇਹ ਕੀਤਾ ਜੁ ਕਈ ਥਾਵਾਂ ਉਤੇ ਗਊ-ਬੱਧ ਦੀ ਸਰਕਾਰੀ ਤੌਰ ਉਤੇ ਆਗਿਆ ਦਿਤੀ। ਪੰਜਾਬੀਆਂ ਤੇ ਸਿਖਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਇਹ ਗੱਲ ਨਿਸਚੇ ਕਰਵਾਉਣ ਲਈ ਜੁ ਹੁਣ ਉਹਨਾਂ ਦਾ ਆਪਣਾ ਰਾਜ ਨਹੀਂ ਤੇ ਉਹ ਹੁਣ ਅੰਗਰੇਜ਼ ਤੇ ਵਿਦੇਸ਼ੀਆਂ ਦੇ ਪ੍ਰਾਧੀਨ ਹਨ। ਅੰਮ੍ਰਿਤਸਰ ਦੇ ਮਹਾਨ-ਤੀਰਥ ਉਤੇ ਬੁਚੜ-ਖਾਨਾ ਖੋਲ੍ਹ ਦਿਤਾ, ਇਹ ਬੁਚੜ-ਖਾਨਾ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਨੇੜੇ ਹੀ ਖੋਲਿਆ ਗਿਆ ਜਿਸਦਾ ਭਾਵ ਇਹ ਹੀ ਲਿਆ ਗਿਆ ਜੁ ਸਿਖ ਤੇ ਹਿੰਦੂ ਪੰਜਾਬੀ ਹੁਣ ਸਮਝ ਲੈਣ ਜੁ ਉਹ ਫਰੰਗੀਆਂ ਦੇ ਅਧੀਨ ਹਨ। ਤੇ ਉਹਨਾਂ ਦਾ ਧਾਰਮਿਕ ਸਵੈਮਾਨ ਵੀ ਵਿਦੇਸ਼ੀ ਸਰਕਾਰ ਨਹੀਂ ਰਹਿਣ ਦੇਣਾ ਚਾਹੁੰਦੀ। ਇਹ ਗੱਲ ਕਿਸੇ ਵੀ ਅਣਖ ਵਾਲੇ ਪੰਜਾਬੀ ਨੂੰ ਉਬਾਰਨ ਲਈ ਕਾਫ਼ੀ ਸੀ। ਪਰ ਨਾਮਧਾਰੀ ਸਿੰਘ ਤਾਂ ਬਾਬਾ ਰਾਮ ਸਿੰਘ ਜੀ ਦੀ ਸਿਖਿਆ ਸੰਗਤ ਨਾਲ ਬੜੇ ਜੋਸ਼ੀਲੇ ਤੇ ਅਣਖੀਲੇ ਹੋ ਗਏ ਸਨ ਤੇ ਪੰਜਾਬ ਤੇ ਬਾਕੀ ਦੇਸ਼ ਉਤੇ ਬਿਦੇਸ਼ੀ ਰਾਜ ਨੂੰ ਬੜਾ ਵਡਾ ਉਪਦਰਵ ਸਮਝਦੇ ਸਨ। **(ਪੰਨਾ 32, ਸਪਤਸਿੰਗ)।**

ਤੇ ਹੁਣੇ ਹੁਣੇ ਇਕ ਤਾਜ਼ਾ ਲੇਖ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਦਾ "ਕੌਮੀ ਏਕਤਾ" ਦੇ ਅਗਸਤ 1975 ਦੇ ਅੰਕ ਵਿਚ ਛਪਿਆ ਜਿਸ ਵਿਚ ਇਹ ਲਿਖਿਆ ਹੈ ਕਿ "ਨਾਮਧਾਰੀ ਗਭਰੂਆਂ ਵਲੋਂ ਬੁਚੜਾਂ ਨੂੰ ਕਤਲ ਕਰਨ ਸਬੰਧੀ ਮਤਭੇਦ ਹੋ ਸਕਦਾ ਹੈ, ਪਰ ਬੂਚੜਖਾਨੇ ਖੁਲਵਾ ਕੇ ਦੇਸ਼ ਵਾਸੀਆਂ ਨੂੰ ਆਪਸ ਵਿਚ ਲੜਾਨਾ ਤੇ ਫਿਰਕਾਦਾਰੀ ਦਾ ਵਾਤਾਵਰਨ ਪੈਦਾ ਕਰਨਾ ਸਰਕਾਰ ਅੰਗਰੇਜ਼ੀ ਦਾ ਮੁਢਲਾ ਅਸੂਲ ਸੀ। ਤੋਪਾਂ ਨਾਲ ਉਡਾਏ ਜਾਣ ਵਾਲੇ ਪੰਜਾਬੀ ਕੂਕਿਆਂ ਦੇ ਧਾਰਮਿਕ ਜਜ਼ਬੇ ਵਿਚ ਦੇਸ਼ ਪਿਆਰ ਦੀ ਡੂੰਘੀ ਭਾਵਨਾ ਸੀ। **(ਦੇਸ਼ ਦੀ ਅਜ਼ਾਦੀ ਵਿਚ ਪੰਜਾਬੀਆਂ ਦਾ ਹਿਸਾ' ਨਾਮਕ ਲੇਖ ਵਿਚ)।**

ਸਪਸ਼ਟ ਹੋ ਜਾਂਦਾ ਹੈ ਕਿ ਜੇ ਨਾਮਧਾਰੀਆਂ ਨੇ ਗਊ-ਰਖਿਆ ਬਦਲੇ ਆਪਣੀਆਂ ਜਾਨਾਂ ਦੀ ਬਾਜ਼ੀ ਲਾਈ ਤਾਂ ਕੀ ਕਾਰਨ ਸੀ। ਭਾਵੇਂ ਕੁਝ ਕੁ ਸਿਖਾਂ ਦੇ ਜਲਦੀ ਕਦਮ ਚੁਕਣ ਤੇ ਭਾਰਤ ਦੀ ਗੁਲਾਮੀ ਦੀ ਉਮਰ ਵਧ ਗਈ। ਭਾਰਤ ਮਾਂ ਨੂੰ ਜ਼ਿਆਦਾ ਚਿਰ ਕੈਦ ਕਟਣੀ ਪਈ, ਪਰ ਸਤਿਗੁਰੂ ਰਾਮ ਸਿੰਘ ਜੀ ਦੀ ਬਾਲੀ ਸ਼ਮਾਂ ਅਮਰ ਰਹੀ, ਸ਼ਹੀਦਾਂ ਦਾ ਖੂਨ ਉਸਦੀ ਲੋਅ ਨੂੰ ਵਧਾਂਦਾ ਹੀ ਗਿਆ, ਤੇ ਇਕ ਦਿਨ ਉਹ ਲਟ ਲਟ ਬਲ ਉਠੀ ਤੇ ਫੂਕ ਸੁਟਿਆ ਅੰਗਰੇਜ਼ੀ ਜਾਲ ਨੂੰ, ਤੇ ਲਗਾ ਅਖੀਰ 15 ਅਗਸਤ 1947 ਨੂੰ ਭਾਰਤੀ ਅਜ਼ਾਦੀ

ਦਾ ਪ੍ਰਤੀਕ ਤਿਰੰਗਾ, ਇੰਡੀਆ ਗੇਟ ਤੇ ਅਜ਼ਾਦ ਹਵਾ ਦੇ ਬੁਲ੍ਹਿਆਂ ਨਾਲ ਕਲੋਲ ਕਰਨ। ਅਜ਼ਾਦੀ ਦੀ ਠੰਢੀ ਛਾਂ ਇਤਨੀ ਮਸਤੀ ਭਰੀ ਸੀ, ਕਿ ਲੋਕ ਮਦਹੋਸ਼ ਹੋ ਗਏ, ਭੂਲ ਗਏ ਆਪਾ, ਭੂਲ ਗਏ ਆਪਣਾ ਵਿਰਸਾ ਆਪਣਾ ਇਤਿਹਾਸ। ਇਥੋਂ ਤਕ ਮਦਹੋਸ਼ ਹੋਏ ਲੇਖਕਾਂ ਦੀ ਕਲਮ ਦੇਸ਼ ਭਗਤ ਨੂੰ ਗਦਾਰ ਤੇ ਗਦਾਰਾਂ ਨੂੰ ਦੇਸ਼ ਭਗਤ ਬਣਾਉਣ ਲਗੀ। ਉਹ ਭੁਲ ਗਏ ਕਿ ਕੂਕਿਆਂ ਨੇ ਦੇਸ਼ ਦੀ ਅਜ਼ਾਦੀ ਲਈ ਕੀ ਕੁਰਬਾਨੀਆਂ ਦਿਤੀਆਂ ਸਨ।

"ਵਖੀਆਂ ਦੀਆਂ ਘਮਲੀਆਂ ਬਾਲ ਕੇ ਕੂਕਿਆਂ ਨੇ ਉਹ ਸ਼ਮਾਂ ਜਲਾਈ ਰਖੀ ਜਿਸਦੇ ਸਿਟੇ ਦੇ ਤੌਰ ਤੇ ਅਮਨ ਅਜ਼ਾਦੀ ਜਮਹੂਰੀਅਤ ਤੇ ਸਾਂਝੀਵਾਲਤਾ ਨੂੰ ਨੂਰੀ ਲੋਅ ਤੇ ਰੁਸ਼ਨਾਈ ਪ੍ਰਾਪਤ ਹੋਈ।" **(ਰਾਬਿੰਦਰ ਨਾਥ ਟੈਗੋਰ)।**

ਇਥੇ ਮੈਂ ਇਕ ਗੱਲ ਦਾ ਹੋਰ ਨਿਰਣਾ ਕਰ ਦੇਣਾ ਚਾਹੁੰਦਾ ਹਾਂ ਕਿ ਕੁਝ ਲੇਖਕ ਜੁ ਇਹ ਲਿਖਦੇ ਹਨ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਸਿਖਾਂ ਨਾਲੋਂ ਸਬੰਧ ਤੋੜ ਲਿਆ, ਜਿਨ੍ਹਾਂ ਨੇ ਮਲੇਰਕੋਟਲੇ ਬੁਚੜ-ਵਧ ਕਰਨ ਦੀ ਕਸਮ ਖਾਧੀ ਸੀ। ਤੇ ਹਮਲਾ ਕੀਤਾ ਸੀ। ਜੇ ਸਤਿਗੁਰੂ ਜੀ ਵਿਦੇਸ਼ੀ ਹਕੂਮਤ ਦੇ ਵਿਰੋਧੀ ਹੁੰਦੇ, ਤਾਂ ਉਹ ਸਿਖਾਂ ਨੂੰ ਗੈਰ ਸਿਖ ਕਰਾਰ ਨਹੀਂ ਦਿੰਦੇ। ਭਾਵ ਕਿ ਉਹ ਨਾਮਧਾਰੀ ਅਥਵਾ ਕੂਕਾ ਅੰਦੋਲਨ ਨੂੰ ਬਦਨਾਮ ਤੇ ਕਿਸੇ ਚਲਾਕ ਦਿਮਾਗ ਦੀ ਕਾਢ ਦਸਣ ਦਾ ਯਤਨ ਕਰਦੇ ਹਨ ਸਿਧੇ ਸ਼ਬਦਾਂ ਵਿਚ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਨਾਮਧਾਰੀਆਂ ਨੇ ਅੰਗਰੇਜ਼ਾਂ ਵਿਰੁਧ ਬਗਾਵਤ ਨਹੀਂ ਕੀਤੀ। ਪਰ ਇਹ ਉਨ੍ਹਾਂ ਲੋਕਾਂ ਦੀ ਥੋੜ ਦਿਲੀ ਹੈ, ਨੀਵੀਂ ਬੁਧੀ ਦੀ ਨਿਸ਼ਾਨੀ ਹੈ, ਉਹ ਸਤਿਗੁਰੂ ਜੀ ਦੀ ਨੀਤੀ ਨੂੰ ਸਮਝ ਹੀ ਨਹੀਂ ਸਕੇ, ਕਿ ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਲਖਾ ਸਿੰਘ ਨੂੰ ਕਿਉਂ ਇਹ ਕਹਿਣ ਲਈ ਭੇਜਿਆ, ਕਿ ਕੁਝ ਸਿਖ ਜੋ ਮੇਰੇ ਵਸ ਤੋਂ ਬਾਹਰ ਹਨ ਉਨ੍ਹਾਂ ਨੂੰ ਰੋਕ ਲਇਆ ਜਾਵੇ, ਉਹ ਮਲੇਰਕੋਟਲੇ ਧਾਵਾ ਬੋਲਣ ਲਈ ਗਏ ਹਨ, ਮੇਰਾ ਉਨ੍ਹਾਂ ਨਾਲ ਕੋਈ ਸਬੰਧ ਨਹੀਂ ਹੈ ਤੇ ਨਾ ਹੀ ਮੈਂ ਉਨ੍ਹਾਂ ਵਲੋਂ ਕੀਤੀਆਂ ਕਾਰਵਾਈਆਂ ਦਾ ਜ਼ਿੰਮੇਦਾਰ ਹਾਂ। ਬਸ ਇਹ ਲੋਗ ਤਾਂ ਕੇਵਲ ਇਹ ਹੀ ਕਹਿ ਛਡਦੇ ਹਨ ਕਿ ਸਤਿਗੁਰੂ ਜੀ ਜਾਂ ਬਾਬਾ ਜੀ ਅੰਗਰੇਜ਼ ਨਾਲ ਆਢਾ ਲਾਉਣਾ ਨਹੀਂ ਸਨ ਚਾਹੁੰਦੇ ਉਹ ਖ਼ੂਨ ਖਰਾਬੇ ਦੇ ਹੱਕ ਵਿਚ ਨਹੀਂ ਸਨ। ਪਰ ਮੈਂ ਉਨ੍ਹਾਂ ਤੰਗ ਨਜ਼ਰੀਆਂ ਨੂੰ ਇਹ ਦਸਣਾ

Sri Satguru Jagjit Singh Ji eLibrary NamdhariElibrary@gmail.com

ਚਾਹੁੰਦਾ ਹਾਂ ਕਿ ਉਨ੍ਹਾਂ ਦੇ ਇਹ ਕਦਮ ਚੁਕਣ ਪਿਛੇ ਵੀ ਇਕ ਭੇਦ ਸੀ, ਇਕ ਨੀਤੀ ਸੀ ਤੇ ਉਹ ਇਹ ਸੀ, ਜੋ ਸ਼ਹੀਦ ਭਗਤ ਸਿੰਘ ਜੀ ਲਿਖਦੇ ਹਨ ਆਪਣੇ ਲੇਖ **'ਮਹਾਨ ਕੂਕਾ ਲਹਿਰ'** ਵਿਚ "ਇਹ ਬੜੀ ਨਾਜ਼ਕ ਹਾਲਤ ਸੀ। ਕੰਮ ਅਧੂਰਾ ਹੀ ਸੀ ਅਤੇ ਕੋਈ ਤਿਆਰੀ ਵੀ ਨਹੀਂ ਕੀਤੀ ਹੋਈ ਸੀ। ਇਸ ਹਾਲਤ 'ਚ ਇਹਨਾਂ 150 ਉਤੇਜਿਤ ਲੋਕਾਂ ਦੇ ਸਾਥ ਦੇ ਨਾਲ ਸਾਰਾ ਅੰਦਲਨ ਕੁਚਲੇ ਜਾਣ ਦੀ ਸੰਭਾਵਨਾ ਸੀ। ਕੀ ਕੀਤਾ ਜਾਵੇ ?......ਦੂਰਦਰਸ਼ੀ ਗੁਰੂ ਜੀ ਨੇ ਉਸ ਵੇਲੇ ਇਹੀ ਸੋਚਿਆ ਕਿ ਇਹ ਉਤੇਜਿਤ ਲੋਕ ਤਾਂ ਸ਼ਾਂਤ ਹੋ ਨਹੀਂ ਰਹੇ। ਇਹਨਾਂ ਦੀ ਮਰਜ਼ੀ ਮੁਤਾਬਿਕ ਹੁਣੇ ਹੀ ਵਿਦਰੋਹ ਕਰਨ ਦੀ ਅਜੇ ਤਿਆਰੀ ਨਹੀਂ ਕੀਤੀ ਗਈ ਅਤੇ ਅਜੇ ਤਾਂ ਸਾਰਾ ਕੰਮ ਜਥੇਬੰਦ ਵੀ ਨਹੀਂ ਹੋਇਆ। ਇਸ ਵੇਲੇ ਜੇ ਇਹ ਦਸ ਦੇਈਏ ਕਿ ਸਾਡਾ ਇਹਨਾਂ ਨਾਲ ਕੋਈ ਵਾਸਤਾ ਨਹੀਂ, ਤਾਂ ਬਾਕੀ ਅੰਦੋਲਨ ਬਚ ਜਾਵੇਗਾ ਗੱਲ ਤਾਂ ਚੰਗੀ ਲਗਦੀ ਹੈ। ਪਰ ਸਿਆਸੀ ਦਾਅ ਪੇਚਾਂ ਦੀ ਅਹਿਮੀਅਤ ਉਹਨਾਂ ਦੀ ਸਫਲਤਾ ਉਤੇ ਅਧਾਰਤ ਹੁੰਦੀ ਹੈ। ਗੁਰੂ ਜੀ ਨੇ ਇਹ ਦਾਅ ਪੇਚ ਵਰਤਿਆ, ਪਾਸਾ ਉਲਟ ਗਿਆ, ਇਹ ਨਿਸਫਲ ਰਿਹਾ। ਇਹੀ ਉਹਨਾਂ ਦਾ ਸਭ ਤੋਂ ਵਡਾ ਅਪਰਾਧ ਸੀ। ਉਹਨਾਂ ਉਸੇ ਵੇਲੇ ਪੁਲਸ ਨੂੰ ਖਬਰ ਦੇ ਦਿਤੀ ਕਿ ਇਹ ਲੋਕ ਭੜਕ ਕੇ, ਉਹਨਾਂ ਦੀਆਂ ਅਰਜ਼ਾਂ ਅਤੇ ਹੁਕਮਾਂ ਨੂੰ ਨਾ ਮੰਨ ਕੇ ਝਗੜੇ ਫਸਾਦ ਲਈ ਜਾ ਰਹੇ ਹਨ। ਮੈਂ ਹੁਣੇ ਹੀ ਪੁਲਸ ਨੂੰ ਖਬਰ ਦੇ ਕੇ ਖਬਰਦਾਰ ਕਰ ਦੇਣਾ ਚਾਹੁੰਦਾ ਹਾਂ। ਉਹ ਇਹਨਾਂ ਨਾਲ ਨਿਬੜ ਲੈਣ। ਮੈਂ ਅਨਰਥ ਦਾ ਜ਼ਿੰਮੇਵਾਰ ਨਹੀਂ ਹਾਂ।"

ਸੋ ਸਤਿਗੁਰੂ ਜੀ ਨੇ ਸਿਆਸੀ ਦਾਅ-ਪੇਚ ਦੀ ਵਰਤੋਂ ਕਰ ਉਨ੍ਹਾਂ ਨਾਲੋਂ ਸਬੰਧ ਤੋੜ ਲਿਆ, ਪਰ ਉਨ੍ਹਾਂ ਵਲੋਂ ਮੂੰਹ ਨਾ ਮੋੜਿਆ ਮੋੜਦੇ ਵੀ ਕਿਸ ਤਰ੍ਹਾਂ ਆਪਣੇ ਹਥੀਂ ਤਾਂ ਉਨ੍ਹਾਂ ਨੂੰ ਲੰਗਰ ਛਕਾਇਆ ਸੀ ਕਿਉਂ ਕਿ ਜਦੋਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਰੋਕਿਆ ਤਾਂ ਸ: ਹੀਰਾ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸਤਿਗੁਰੂ ਤੇਗ ਬਹਾਦਰ ਜੀ ਦਾ ਹੁਕਮ ਹੋਇਆ ਹੈ ਉਹ ਰੁਕ ਨਹੀਂ ਸਕਦੇ ਤਾਂ ਸਤਿਗੁਰੂ ਜੀ ਨੇ ਇਜਾਜ਼ਤ ਦੇ ਦਿਤੀ।

**ਸ੍ਰੀ ਬਾਲ ਸ਼ਾਸਤਰੀ ਹਰਿਦਾਸ** ਜੀ ਲਿਖਦੇ ਹਨ "ਸਤਿਗੁਰੂ ਰਾਮ ਸਿੰਘ ਜੀ ਦੀ ਦਿਕਦਾਰੀ ਦਾ ਖਿਆਲ ਕਰੋ। ਜਿਹੜੀ ਔਖਿਆਈ ਉਹਨਾਂ ਦੇ ਪੈਰੋਕਾਰ

ਪੈਦਾ ਕਰ ਰਹੇ ਸਨ। ਜੇ ਚੁਪ ਕਰ ਰਹਿਣ ਤਾਂ ਸਰਕਾਰ ਉਹਨਾਂ ਨੂੰ ਫੜ ਲੈਂਦੀ ਤੇ ਉਹਨਾਂ ਦੀ ਸੰਸਥਾ ਬਗਾਵਤ ਲਈ ਜ਼ਿਮੇਵਾਰ ਠਹਿਰਾਈ ਜਾਂਦੀ ਹੈ ਤੇ ਜੇ ਉਹ ਇਸ ਉਭਾਰ ਵਿਚ ਸ਼ਾਮਲ ਹੁੰਦੇ ਹਨ ਤਾਂ ਇਸ ਮਹਾਨ ਫਿਰਕੇ ਤੇ ਉਹਨਾਂ ਦੇ ਮਿਸ਼ਨ ਤਬਾਹ ਹੋ ਜਾਂਦਾ ਹੈ। ਸਮਸਿਆ ਬੜੀ ਗੰਭੀਰ ਸੀ, ਕਿਉਂਕਿ ਜਥੇਬੰਦੀ ਅਜੇ ਪੂਰਨ ਰੂਪ ਵਿਚ ਤਿਆਰ ਨਹੀਂ ਸੀ ਭਾਵੇਂ ਇਹ ਮਾਨਸਕ ਤੌਰ ਤੇ ਭੜਕਾਹਟ ਵਿਚ ਹੀ ਸੀ। ਰਾਮ ਸਿੰਘ ਜੀ ਕੀ ਕਰਦੇ ? ਜਾਂ ਉਹ ਜਥੇਬੰਦੀ ਨੂੰ ਬਚਾਂਦੇ, ਮਜ਼ਹਬ ਅਤੇ ਸਦੇਸ਼ੀ ਰਾਜ ਦੀ ਆਸ ਨੂੰ ਜੀਉਂਦਿਆਂ ਰਖਦੇ ? ਰਾਮ ਸਿੰਘ ਜੀ ਨੇ ਆਪਣੇ ਸਾਹਮਣੇ ਇਕੋ ਰਾਹ ਖੁਲ੍ਹਾ ਵੇਖਿਆ। ਇਹ ਸੀ ਸਪਸ਼ਟ ਰੂਪ ਵਿਚ ਆਪਣੀ ਜਥੇਬੰਦੀ ਦੀ ਤੇ ਆਪਣੇ ਹਥਿਆਰਬੰਦ ਬਾਗੀਆਂ ਨਾਲੋਂ ਸਬੰਧ ਤੋੜ ਲੈਣਾ। ਇਸ ਤਰ੍ਹਾਂ ਕਰਨਾ ਜ਼ਰੂਰੀ ਸੀ, ਨਹੀਂ ਤਾਂ ਨਿਰੀ ਚੁਪ ਸ੍ਵੈ-ਘਾਤਕ ਸੀ। ਰਾਮ ਸਿੰਘ ਜੀ ਨੇ ਸਾਰੀ ਸਮਸਿਆ ਅਤੇ ਉਸਦੇ ਉਪਾਵਾਂ ਬਾਰੇ ਭਰਪੂਰ ਵਿਚਾਰ ਕੀਤੀ ਤੇ ਬਾਅਦ ਵਿਚ ਪੰਜਾਬ ਸੁਕਾਰ ਨੂੰ ਲਿਖਿਆ......... **Armed struggle for freedom–Ninety years War of Indian Independence 1857 to Subhash).**

ਉਮੀਦ ਹੈ ਕਿ ਪਾਠਕ ਜਾਨ ਗਏ ਹੋਣਗੇ ਕਿ ਸਤਿਗੁਰ ਜੀ ਨੇ ਕਿਉਂ ਉਨ੍ਹਾਂ ਸਿਖਾਂ ਨਾਲੋਂ ਸਬੰਧ ਤੋੜ ਲਿਆ, ਜਿਨਾਂ ਨੇ ਬੁਚੜ ਖਾਨੇ ਤੇ ਹਮਲਾ ਕਰਨ ਦੀ ਸੋਚੀ ਸੀ। ਪਰ ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਸਿਖਾਂ ਨੇ ਬੜੀ ਵਡੀ ਗਲਤੀ ਕੀਤੀ। ਉਨ੍ਹਾਂ ਦੇ ਜਲਦੀ ਕਦਮ ਚੁਕਣ ਤੇ ਦੇਸ਼ ਨੂੰ ਨੁਕਸਾਨ ਹੋਇਆ, ਨਾਮਧਾਰੀ ਲਹਿਰ ਨੂੰ ਠੇਸ ਪਹੁੰਚੀ ਤੇ ਅੰਗਰੇਜ਼ ਸਾਮਰਾਜ ਦੀ ਉਮਰ ਵਧ ਗਈ, ਤਾਂ ਉਨ੍ਹਾਂ ਸਿਖਾਂ ਨੂੰ ਸ਼ਹੀਦ ਕਿਵੇਂ ਆਖਿਆ ਜਾ ਸਕਦਾ ਹੈ। ਸ਼ਹੀਦ ਹੋਣ ਤੋਂ ਭਾਵ ਤਾਂ ਕੌਮ ਨੂੰ ਜ਼ਿੰਦਗੀ ਬਖਸ਼ਣਾ ਹੈ, ਉਨ੍ਹਾਂ ਦੇ ਕਦਮ ਚੁਕਣ ਦਾ ਤਾਂ ਉਲਟਾ ਅਸਰ ਹੋਇਆ। ਪਰ ਇਹ ਸਾਡਾ ਭੁਲੇਖਾ ਹੈ। ਯਾਰੋ, ਮੈਂ ਇਹ ਦਾਹਵੇ ਨਾਲ ਕਹਿ ਸਕਦਾ ਹਾਂ ਕਿ ਜੇ ਨਾਮਧਾਰੀ ਵੀਰ ਗਲ ਵਿਚ ਫਾਂਸੀ ਦੇ ਰੇਸ਼ਮੀ ਰਸੇ ਪਾ ਝੂਟੇ ਨਾ ਲੈਂਦੇ, ਜੇ ਕਿਤੇ ਇਹ ਤੋਪ ਦੇ ਮੂੰਹ ਅਗੇ ਖੜ ਹਸ ਹਸ ਮੌਤ ਲਾੜੀ ਨੂੰ ਨਾ ਵਰ੍ਹਦੇ ਤਾਂ ਗਦਰੀ ਬਾਰੇ ਦੇਸ਼ ਵਿਚ ਗਦਰ ਨਾ ਮਚਾਂਦੇ, ਕਰਤਾਰ ਸਿੰਘ ਸਰਾਭਾ ਆਪਾ ਗੋਲੀਆਂ ਨੂੰ ਨਿਛਾਵਰ ਨਾ ਕਰਦਾ ਆਦਿ। ਇਨ੍ਹਾਂ

ਸ਼ਹਾਦਤਾਂ ਦਾ ਸਿਟਾ ਹੀ ਸੀ ਕਿ ਦੇਸ਼ ਵਾਸੀਆਂ ਦੇ ਮਨਾਂ ਵਿਚ ਸੂਰਬੀਰਤਾ ਅੰਗੜਾਈ ਲੈਣ ਲਗੀ, ਦੇਸ਼ ਪ੍ਰੇਮ ਦੇ ਵਲਵਲੇ ਉਠਣ ਲਗੇ। ਜਿਹ ਕਿ "ਅਗੇ ਜਾ ਕੇ ਕੂਕਾ—ਅੰਦੋਲਨ ਦਾ ਅਸਰ ਗਦਰ ਪਾਰਟੀ ਉਤੇ ਪਾਇਆ। ਇਹ ਚੀਜ਼ ਬਾਬਾ ਸੋਹਣ ਸਿੰਘ ਭਕਣੇ ਦੀ ਜੀਵਨ ਕਹਾਣੀ ਵਿਚੋਂ ਪ੍ਰਤੱਖ ਨਜ਼ਰ ਆਉਂਦੀ ਹੈ। ਇਵੇਂ ਵੀਰ ਪ੍ਰੰਪਰਾ ਦਾ ਪ੍ਰਵਾਹ ਚਲਦਾ ਰਹਿਆ (ਪੰਨਾ 101 "ਪੰਜਾਬੀ ਵੀਰ ਪਰੰਪਰਾ ਦਾ ਵਿਕਾਸ" ਤੇ ਡਾ: **ਫੌਜਾ ਸਿੰਘ**)

ਗਲ ਤਾਂ ਇਹ ਹੈ ਕਿ ਉਨ੍ਹਾਂ ਦੇ ਮਲੇਰਕੋਟਲੇ ਧਾਵਾ ਬੋਲਣ ਪਿਛੇ ਕੋਈ ਜਾਤੀ ਕਾਰਣ ਨਹੀਂ ਸੀ। ਉਨ੍ਹਾਂ ਮਲੇਰਕੋਟਲੇ ਦਾ ਸ਼ਾਹੀ ਖਜ਼ਾਨਾ ਨਹੀਂ ਸੀ ਲੁਟਣਾ, ਉਨ੍ਹਾਂ ਦਾ ਵੈਰ ਸੀ ਤਾਂ ਉਨ੍ਹਾਂ ਗਊ ਹਤਿਆਰਿਆਂ ਨਾਲ, ਗੁਸਾ ਸੀ ਤਾਂ ਅੰਗਰੇਜ਼ ਦੀਆਂ ਕਾਲੀਆਂ ਨੀਤੀਆਂ ਦਾ, ਉਨ੍ਹਾਂ ਦੇ ਦਿਲਾਂ ਵਿਚ ਦੇਸ਼ ਪ੍ਰੇਮ ਦਾ ਜਜ਼ਬਾ ਤੂਫਾਨੀ ਨਦੀ ਦੇ ਪਾਣੀ ਵਾਂਗ ਠਾਠਾਂ ਮਾਰ ਰਿਹਾ ਸੀ। ਉਨ੍ਹਾਂ ਦੇ ਮਲੇਰਕੋਟਲੇ ਹਮਲਾ ਕਰਨ ਨਾਲ ਨੁਕਸਾਨ ਜੋ ਹੋਣਾ ਸੀ ਸੋ ਹੋਇਆ, ਪਰ ਕਿਸੇ ਹੱਦ ਤਕ ਸਤਿਗੁਰੂ ਜੀ ਆਪਣੇ ਉਦੇਸ਼ ਵਿਚ ਸਫਲ ਹੋ ਗਏ, ਉਨ੍ਹਾਂ ਸਿਖਾਂ ਨੂੰ ਮਲੇਰਕੋਟਲੇ ਤੋਪਾਂ ਸਾਹਵੇਂ ਉਡਾਉਣ ਤੇ ਲੋਕਾਂ ਦੇ ਦਿਲਾਂ ਵਿਚੋਂ ਕਾਇਰਤਾ ਉਡ ਗਈ, ਬਿਸ਼ਨ ਸਿੰਘ ਦੇ ਟੋਟੇ 2 ਹੋਣ ਨਾਲ, ਲੋਕਾਂ ਦੇ ਦਿਲਾਂ ਵਿਚ ਇਕ ਚਿੰਗਾਰੀ ਸੁਲਗ ਪਈ, ਵਰਿਆਮ ਸਿੰਘ ਦੇ ਇਟਾਂ ਰੋੜੇ ਇਕੱਠੇ ਕਰ ਰਖੀ ਨੀਂਹ ਤੇ ਪਿਛੋਂ ਸ਼ਹਾਦਤ ਦੇ ਮਹਿਲ ਉਸਰਣ ਲਗੇ। ਸਿਖਾਂ ਦੇ ਤਨਾਂ ਦੇ ਉਡਦਿਆਂ ਤੁੰਬਿਆਂ ਵਿਚ ਉਠਦੀਆਂ ਇਨ੍ਹਾਂ ਅਵਾਜ਼ਾਂ ਨੇ ਕਿਹਾ "ਬਿਲਿਆ ਸਾਨੂੰ ਮਾਰ ਤੂੰ ਰਹਿ ਨਹੀਂ ਸਕਦਾ, ਸਾਡੇ ਖੂਨ ਦਾ ਇਕ 2 ਕਤਰਾ ਰੰਗ ਲਿਆਏਗਾ ਇਕ 2 ਕਤਰਾ ਇਕ 2 ਸ਼ਹੀਦ ਪੈਦਾ ਕਰੇਗਾ, ਅਸੀਂ ਤਦ ਤਕ ਝੱਲੇ ਬਦਲ ਆਉਂਦੇ ਰਹਾਂਗੇ ਜਦ ਤਕ ਤੈਨੂੰ ਕੱਢ ਨਹੀਂ ਦਿੰਦੇ" ਭਾਰਤੀ ਅਕਾਸ਼ ਗੂੰਜਾ ਦਿਤਾ। ਸਿਟੇ ਵਜੋਂ ਲੋਕ ਤਤਪਰ ਹੋ ਉਠੇ, ਆਪਾ ਪਹਿਚਾਨਣ ਲਗੇ। ਲੋਕੋ ਜੇ ਕਿਤੇ ਸਤਿਗੁਰੂ ਰਾਮ ਸਿੰਘ ਜੀ ਦੀ ਬਾਲੀ ਸ਼ਮਾਂ ਵਿਚ ਇਨ੍ਹਾਂ ਸਿਖਾਂ ਆਪਣਾ ਖੂਨ ਨਾ ਪਾਇਆ ਹੁੰਦਾ, ਜ਼ੁਲਮੀ ਹਨੇਰੀ ਦੇ ਬੁਲਿਆਂ ਨੂੰ ਆਪਣੀਆਂ ਛਾਤੀਆਂ ਤੇ ਨਾ ਝਲਿਆ ਹੁੰਦਾ, ਤਾਂ ਸਾਡਾ ਅਜ਼ਾਦੀ ਦਾ ਇਤਿਹਾਸ ਕੁਝ ਹੋਰ ਹੀ ਹੁੰਦਾ। ਪਰ ਸ਼ਾਇਦ ਇਤਨੇ ਨਾਲ ਆਮ ਲੋਗ ਤਾਂ ਭਾਵੇਂ ਸਮਝ ਜਾਣ ਪਰ ਡਾ: ਗੰਡਾ ਸਿੰਘ ਵਰਗੇ ਸ਼ਾਇਦ

Sri Satguru Jagjit Singh Ji eLibrary NamdhariElibrary@gmail.com

ਨਾ ਹੀ ਮੰਨਣ । ਸੋ ਉਨ੍ਹਾਂ ਲਈ ਮੈਂ ਕੁਝ ਕੁ ਹੋਰ ਇਤਿਹਾਸਕ ਪ੍ਰਮਾਣ ਦੇ ਰਿਹਾ ਹਾਂ । ਅਸੀਂ ਸਭ ਜਾਣਦੇ ਹਾਂ ਕਿ ਕਾਂਗਰਸ ਦੇ ਦੋ ਧੜੇ ਸਨ ਇਕ ਗਰਮ ਦਲ ਤੇ ਦੂਸਰਾ ਨਰਮ (ਸ਼ਾਂਤ) ਦਲ । ਇਹ ਦੋਵੇਂ ਧੜੇ ਆਪੋ ਆਪਣੇ ਅਸੂਲਾਂ ਰਾਹੀਂ, ਢੰਗਾਂ ਰਾਹੀਂ ਮੰਜਿਲ ਤਹਿ ਕਰਨਾ ਚਾਹੁੰਦੇ ਹਨ । ਪਰ ਮੰਜ਼ਿਲ, ਮਕਸਦ ਦੋਵਾਂ ਦਾ ਇਕੋ ਹੀ ਸੀ, "ਅਜ਼ਾਦੀ" । ਜਾਂ ਇੰਜ ਕਹਿ ਲਵੋ ਕਿ ਪੰਜੇ ਉਂਗਲੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ, ਹਰ ਪਾਰਟੀ ਜਾਂ ਲਹਿਰ ਵਿਚ ਹਰ ਸੁਭਾ ਵਾਲੇ ਵਿਅਕਤੀ ਸ਼ਾਮਿਲ ਹੁੰਦੇ ਹਨ । ਬੁਧੀ ਦੀ ਭਿੰਨਤਾ, ਕਈ ਵੇਰ ਉਨ੍ਹਾਂ ਦੇ ਰਾਹ ਵੀ ਭਿੰਨ 2 ਬਣਾ ਦਿੰਦੀ ਹੈ । ਇਸੇ ਤਰ੍ਹਾਂ ਹੀ ਨਾਮਧਾਰੀ ਲਹਿਰ ਵਿਚ ਵੀ ਦੋਵੇਂ ਤਰ੍ਹਾਂ ਦੇ ਮਨੁੱਖ ਸਨ ਪਰ ਇਹ ਦੋਵੇਂ ਬੁਧੀ ਦੇ ਵਿਅਕਤੀ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਹੇਠ ਅਗੇ ਵਧ ਰਹੇ ਸਨ । ਅਖੀਰ ਇਕ ਸਟੇਜ ਤੇ ਜਦੋਂ ਗਰਮ ਸੁਭਾ ਵਾਲਿਆ ਦੇ ਮਨਾਂ ਵਿਚ ਜੋਸ਼ ਠਾਂਠਾਂ ਮਾਰਨ ਲਗ ਪਿਆ ਤਾਂ ਉਨ੍ਹਾਂ ਮਲੇਰਕੋਟਲੇ ਤੇ ਧਾਵਾ ਬੋਲਣ ਦੀ ਸੋਚ ਲਈ । ਪਰ ਮਕਸਦ, ਮੰਤਵ ਦੋਵਾਂ ਦਾ ਇਕੋ ਸੀ, ਜਿਹੜਾ ਕਾਂਗਰਸ ਦਾ ਸੀ । ਸੋ ਇਸ ਲਈ ਜੇ ਕਾਂਗਰਸ ਦੇ ਗਰਮ ਦਲ ਦੇ ਮੈਂਬਰਾਂ ਨੂੰ ਸ਼ਹੀਦ, ਦੇਸ਼ ਭਗਤ ਕਹਿ ਸਤਿਕਾਰ ਸਕਦੇ ਹਾਂ ਤਾਂ ਇਨ੍ਹਾਂ ਨਾਮਧਾਰੀ ਸੂਰਬੀਰਾਂ ਨੂੰ ਵੀ ਸ਼ਹੀਦ ਤੇ ਦੇਸ਼ ਭਗਤ ਕਹਿਣਾ ਹੀ ਪਵੇਗਾ । ਕਿਉਂਕਿ ਸਤਿਗੁਰੂ ਰਾਮ ਸਿੰਘ ਜੀ ਸ਼ਾਂਤ ਮਾਰਗ ਅਪਣਾ ਆਪਣੀ ਮੰਜ਼ਿਲ ਤਹਿ ਕਰਣਾ ਚਾਹੁੰਦੇ ਸਨ । ਪਰ ਇਹ ਸਿਖ ਬਾਹੂਬਲ ਨਾਲ ਗੁਲਾਮੀ ਦੇ ਸੰਗਲ ਤੋੜਨਾ ਚਾਹੁੰਦੇ ਸਨ । ਇਹ ਸਿਖ ਜੋਸ਼ੀਲੇ ਸੁਭਾਓ ਦੇ ਸਨ ਇਸ ਲਈ ਇਨ੍ਹਾਂ ਮਲੇਰਕੋਟਲੇ ਧਾਵਾ ਬੋਲਣ ਦੀ ਸੋਚ ਲਈ । ਜਿਵੇਂ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਕਾਂਗਰਸ ਤੋਂ ਅਸਤੀਫਾ ਦੇ ਆਪਣੇ ਢੰਗ ਨਾਲ ਦੇਸ਼ ਆਜ਼ਾਦ ਕਰਾਉਣ ਦੀ ਸੋਚੀ ਸੀ । ਅਜ਼ਾਦ ਹਿੰਦ ਫੌਜ ਬਣਾਈ । ਭਾਵੇਂ ਸਫਲਤਾ ਪ੍ਰਾਪਤ ਨਾ ਕਰ ਸਕੇ । ਜਿਸ ਵਕਤ ਇਨ੍ਹਾਂ ਨਾਮਧਾਰੀ ਵੀਰਾਂ ਬਾਹੂਬਲ ਦੀ ਵਰਤੋਂ ਕਰਨ ਬਾਰੇ ਸੋਚਿਆ ਸੀ । ਦੇਸ਼ ਲਈ ਲਾਭਦਾਇਕ ਨਹੀਂ ਸੀ ਕਿਉਂਕਿ ਅਜੇ ਲੋਕਾਂ ਵਿਚ ਸੂਰਬੀਰਤਾ, ਦੇਸ਼ ਪ੍ਰੇਮ ਦੇ ਵਲਵਲੇ ਉਠ ਨਹੀਂ ਸੀ ਰਹੇ, ਕੇਵਲ ਰੰਗ ਹੀ ਚੜ੍ਹਦਾ ਪਇਆ ਸੀ । ਪਰ ਉਨ੍ਹਾਂ ਦੇ ਸ਼ਹੀਦ ਹੋਣ ਨਾਲ ਇਹ ਰੰਗ ਬਹੁਤ ਜਲਦੀ ਚੜ੍ਹ ਗਿਆ ਤੇ ਛੇਤੀ ਹੀ ਲੋਕਾਂ ਸ਼ਹੀਦੀ-ਬਾਣੇ ਪਹਿਨਣੇ ਸ਼ੁਰੂ ਕਰ ਦਿਤੇ । ਸੋ ਇਸ ਲਈ ਇਨ੍ਹਾਂ ਦੇ ਇਸ ਕਦਮ

ਨੂੰ ਉਨ੍ਹਾਂ ਦੀ ਮੂਰਖਤਾ ਕਹਿ ਅਖੋਂ ਓਹਲੇ ਨਹੀਂ ਕਰਨਾ ਚਾਹੀਦਾ, ਸਗੋਂ ਉਨ੍ਹਾਂ ਦੇ ਦਿਲੀ ਵਲਵਲਿਆਂ ਨੂੰ ਸਤਿਕਾਰ ਦੇਣਾ ਚਾਹੀਦਾ ਹੈ। ਨਾਹਰ ਸਿੰਘ ਐਮ. ਏ. ਤਾਂ ਅਜੇਹੇ ਸੁਭਾ ਦੇ ਵਿਅਕਤੀ ਸੁਤੰਤਰਤਾ ਸੰਗ੍ਰਾਮ ਲਈ ਇਕ ਦੇਨ ਸਮਝਦੇ ਹਨ ਭਾਵ ਜ਼ਰੂਰੀ ਸਮਝਦੇ ਹਨ ਜਿਹਾ ਕਿ "विदेशी शासन के विरूद्ध स्वतन्त्रता संघर्ष में ऐसे जत्थों का होना आवश्यक हो ही जाता है। कांग्रेस आन्दोलन में भी इस प्रकार से कई जत्थे समय समय पर उत्पन्न होते रहे"। (पंना 156, नामधारी इतिहास, प्रथम खण्ड नाहर सिंह M.A.)

ਇਕ ਉਦਾਹਰਣ ਮੈਂ ਸਿਖ ਇਤਿਹਾਸ ਵਿਚੋਂ ਦੇ ਰਿਹਾ ਹਾਂ ਤੇ ਉਹ ਇਹ ਕਿ ਅਸੀਂ ਉਨ੍ਹਾਂ 40 ਸਿਖਾਂ ਨੂੰ 'ਮੁਕਤੇ' ਕਹਿ ਸਤਿਕਾਰਦੇ ਹਾਂ ਜਿਨ੍ਹਾਂ ਨੇ ਅਨੰਦਪੁਰ ਦੇ ਕਿਲੇ ਵਿਚ ਭੁਖ ਤੋਂ ਤੰਗ ਆ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖਕੇ ਦੇ ਦਿਤਾ ਸੀ ਤੇ ਫਿਰ ਪਿਛੋਂ ਮੁਕਤਸਰ ਦੇ ਜੰਗ ਵਿਚ ਸ਼ਾਮਲ ਹੋ ਲੜਦੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਤੇ ਸਤਿਗੁਰੂ ਜੀ ਨੇ ਬੇਦਾਵਾ ਪਾੜ੍ਹ ਦਿਤਾ। ਪਰ ਧਾਰੋ ਇਨ੍ਹਾਂ ਨਾਮਧਾਰੀ ਸਿਖਾਂ ਨੇ ਸਤਿਗੁਰੂ ਨਾਲੋਂ ਭੁਖ ਤੋਂ ਤੰਗ ਆ ਨਾਤਾ ਨਹੀਂ ਸੀ ਤੋੜਿਆ ਬਲਕਿ ਦੇਸ ਪਰੇਮ ਦੇ ਜਜ਼ਬੇ ਦੇ ਸ਼ਿਕਾਰ ਹੋ ਸਤਿਗੁਰੂ ਜੀ ਸਾਹਵੇਂ ਬਚਨ ਕੀਤੇ ਮਨ ਤੇ ਜਾਣ ਲਈ ਆਗਿਆ ਮੰਗੀ। ਪਰ ਸਤਿਗੁਰੂ ਜੀ ਨੇ ਸਮੇਂ ਨੂੰ ਮੁਖ ਰਖਕੇ ਸ਼ਾਂਤ ਹੋਣ ਲਈ ਕਿਹਾ। ਪਰ ਜਦੋਂ ਸਿਖਾਂ ਨੇ ਕਿਹਾ ਕਿ ਸਾਨੂੰ ਸਤਿਗੁਰੂ ਤੇਗ ਬਹਾਦਰ ਜੀ ਦਾ ਹੁਕਮ ਹੋਇਆ ਹੈ ਤਾਂ ਆਪ ਨੇ ਬਚਨ ਕੀਤਾ ਕਿ ਮੈਂ ਉਨ੍ਹਾਂ ਦੇ ਹੁਕਮ-ਅਦੂਲੀ ਨਹੀਂ ਕਰ ਸਕਦਾ। ਤੇ ਫਿਰ ਆਪ ਆਪਣੀ ਹਥੀਂ ਲੰਗਰ ਬਣਾ ਕੇ ਛਕਾਇਆ ਸੀ। (ਪਰ ਗੰਡਾ ਸਿੰਘ ਨੇ ਇਸ ਘਟਨਾ ਨੂੰ ਕੁਝ ਹੋਰ ਹੀ ਰੂਪ ਦੇ ਦਿਤਾ ਹੋਇਆ, ਇਕ ਇਤਿਹਾਸਕ ਘਟਨਾ ਨੂੰ ਇਤਿਹਾਸ ਦਾ ਸਹਾਰਾ ਲੈ ਕਾਲਪਨਿਕ ਢੰਗ ਨਾਲ ਲਿਖ ਛਡਿਆ ਹੈ) ਤੇ ਜਿਥੋਂ ਤਕ ਪੁਲੀਸ ਨੂੰ ਖਬਰ ਕਰਨ ਦਾ ਸੁਆਲ ਹੈ ਉਸਦਾ ਉਤਰ ਮੈਂ ਉਪਰ ਦੇ ਚੁਕਾ ਹਾਂ। ਜੇ ਅਸੀਂ ਉਨ੍ਹਾਂ ਭੁਖ ਦੇ ਸ਼ਿਕਾਰ ਹੋਏ ਸਿਖਾਂ ਨੂੰ ਮੁਕਤੇ ਕਹਿ ਸਤਿਕਾਰ ਸਕਦੇ ਹਾਂ। ਤਾਂ ਇਨ੍ਹਾਂ ਦੇਸ਼ ਪਰੇਮੀਆਂ ਨੂੰ ਜਾਂ ਦੇਸ਼ ਪਰੇਮ ਦੇ ਜਜ਼ਬੇ ਦੇ ਸ਼ਿਕਾਰ ਹੋਏ ਸਿਖਾਂ ਨੂੰ ਸਾਨੂੰ ਸ਼ਹੀਦ ਕਹਿਣਾ ਹੀ

Sri Satguru Jagjit Singh Ji eLibrary NamdhariElibrary@gmail.com

ਪਵੇਗਾ । ਇਕ ਗੱਲ ਜੇ ਅਸੀਂ ਇਹ ਵੀ ਮੰਨ ਲਈਏ ਕਿ ਇਨ੍ਹਾਂ ਸਿਖਾਂ ਸਤਿਗੁਰੂ ਰਾਮ ਸਿੰਘ ਜੀ ਦੀ ਹੁਕਮ ਅਦੂਲੀ ਕਰਦੇ ਹੋਏ ਮਲੇਰ ਕੋਟਲੇ ਧਾਵਾ ਬੋਲਣ ਦੀ ਸੋਚੀ । ਤਾਂ ਇਸ ਹਾਲਾਤ ਵੀ ਇਨ੍ਹਾਂ ਨੂੰ 'ਸ਼ਹੀਦ' ਕਹਿਣਾ ਪਵੇਗਾ ਇਸ ਦਾ ਕਾਰਨ ਇਨ੍ਹਾਂ ਦੇ ਦਿਲ-ਜਜ਼ਬੇ ਤੇ ਦੂਸਰਾ 'ਸੁਭਾ' ਦੀ ਭਿੰਨਤਾ ਹੈ। ਸ਼ਹੀਦ ਭਗਤ ਸਿੰਘ ਦੇ ਵਿਚਾਰ ਬਹੁਤ ਸਿਧੇ ਸਾਧੇ ਹਨ ਤੇ ਆਮ ਲੋਕ ਤੇ ਵਿਦਵਾਨ ਜਲਦੀ ਸਿਟੇ ਤੇ ਪਹੁੰਚ ਸਕਦੇ ਹਨ ਸੋ ਉਨ੍ਹਾਂ ਦੇ ਵਿਚਾਰ ਪੇਸ਼ ਹਨ :

"ਅਸੀਂ ਕੂਕਿਆਂ ਨੂੰ ਭੁਲੜ ਤੇ ਮੂਰਖ ਕਹਿ ਕੇ ਆਪਣੇ ਹਰਜ਼ ਤੋਂ ਲਾਂਭੇ ਹੋ ਜਾਂਦੇ ਹਾਂ, ਸਵਾਰਥ ਜਾਂ ਲੋਭ ਲਈ ਉਹਨਾਂ ਆਪਣੀਆਂ ਜਾਨਾਂ ਦਿਤੀਆਂ ਹੁੰਦੀਆਂ ਤਾਂ ਅਸੀਂ ਅਣਗਹਿਲੀ ਦਿਖਾ ਸਕਦੇ ਸਾਂ । ਪਰ ਉਹਨਾਂ ਦੀ ਮੂਰਖਤਾ ਵਿਚ ਵੀ ਦੇਸ਼ ਪਰੇਮ ਕੁਟ ਕੁਟ ਕੇ ਭਰਿਆ ਹੋਇਆ ਸੀ।...........ਅਸੀਂ ਸਮਝਦੇ ਹਾਂ ਕਿ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ ਮਿਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬਹੁਤ ਵਡੀ ਅਹਿਸਾਨ ਫਰਾਮੋਸ਼ੀ ਹੋਵੇਗੀ । ਅਸੀਂ ਉਨ੍ਹਾਂ ਦੀ ਯਾਦ ਵਿਚ ਕੋਈ ਵਡਾ ਥੰਮ ਨਹੀਂ ਖੜਾ ਕਰ ਸਕਦੇ ਤਾਂ ਆਪਣੇ ਦਿਲ ਵਿਚ ਥੋਹੜੀ ਜਿਹੀ ਥਾਂ ਦੇਣੋਂ ਵੀ ਕਿਉਂ ਝਿਜਕੀਏ ।" ("**ਮਹਾਨ ਕੂਕਾ ਲਹਿਰ" ਸ਼ਹੀਦ ਭਗਤ ਸਿੰਘ** ।

ਨਾਮਧਾਰੀ ਗਭਰੂਆਂ ਵਲੋਂ ਬੁਚੜਾਂ ਨੂੰ ਕਤਲ ਕਰਨ ਸਬੰਧੀ ਮਤਭੇਦ ਹੋ ਸਕਦਾ ਹੈ, ਪਰ ਬੁਚੜਖਾਨੇ ਖੁਲ੍ਹਵਾ ਕੇ ਦੇਸ਼ ਵਾਸੀਆਂ ਨੂੰ ਆਪਸ ਵਿਚ ਲੜਾਨਾ ਤੇ ਫਿਰਕਾਦਾਰੀ ਦਾ ਵਾਤਾਵਰਨ ਪੈਦਾ ਕਰਨਾ ਸਰਕਾਰ ਅੰਗਰੇਜ਼ੀ ਦਾ ਮੁਢਲਾ ਅਸੂਲ ਸੀ । ਤੋਪਾਂ ਨਾਲ ਉਡਾਏ ਜਾਣ ਵਾਲੇ ਪੰਜਾਬੀ ਕੂਕਿਆਂ ਦੇ ਧਾਰਮਕ ਜਜ਼ਬੇ ਵਿਚ ਦੇਸ਼ ਪਿਆਰ ਦੀ ਡੂੰਘੀ ਭਾਵਨਾ ਸੀ। **(ਦੇਸ਼ ਦੀ ਆਜ਼ਾਦੀ ਵਿਚ ਪੰਜਾਬੀਆਂ ਦਾ ਹਿਸਾ, ਵਲੋਂ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਪੰਨਾ 11, ਵਿਚੋਂ 'ਸਚਿੱਤਰ ਕੌਮੀ ਏਕਤਾ, ਅਗਸਤ 1975** ।

ਦਰਅਸਲ ਗੱਲ ਤਾਂ ਇਹ ਹੈ ਕਿ ਅਸੀਂ ਆਪਣਾ ਵਿਰਸਾ, ਪੁਰਾਤਣ ਇਤਿਹਾਸ ਭੁਲਾ ਬੈਠੇ ਹਾਂ, ਪੁਰਾਤਣ ਇਤਿਹਾਸ ਨੂੰ ਮਿਥਿਹਾਸ ਬਣਾ ਦਿਤਾ ਹੈ ਸਾਡੇ ਕੁਝ ਕੁ ਲੇਖਕਾਂ ਨੇ, ਚਲੋ ਜੋ ਵੀ ਹੈ । ਇਹ ਸੀ ਉਨ੍ਹਾਂ ਸਿਖਾਂ ਨੂੰ ਸ਼ਹੀਦ

Sri Satguru Jagjit Singh Ji eLibrary NamdhariElibrary@gmail.com

ਕਹਿਣ ਦਾ ਕਾਰਣ ਕਿ ਕਿਉਂ ਉਨ੍ਹਾਂ ਨੂੰ ਸ਼ਹੀਦ ਕਹਿ ਸਤਿਕਾਰਿਆ ਜਾਂਦਾ ਹੈ, ਜਦੋਂ ਕਿ ਉਨ੍ਹਾਂ ਦੇ ਜਲਦੀ ਕਦਮ ਚੁਕਣ ਤੇ ਨੁਕਸਾਨ ਹੋਇਆ। ਸੋ ਇਹ ਸੀ, ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੀ ਕੂਕਾ ਮੂਵਮੈਂਟ ਬਾਰੇ ਕੁਝ ਕੁ ਵਿਚਾਰਾਂ ਕਿ ਕਿਵੇਂ ਸਤਿਗੁਰੂ ਜੀ ਨੇ ਕਿਸ ਵੇਲੇ, ਕਿਉਂ ਤੇ ਕਿਵੇਂ ਆਮ ਜਨਤਾ ਨੂੰ ਲਲਕਾਰਿਆ, ਤੇ ਕਿਵੇਂ ਗਊ ਗਰੀਬ ਦਾ ਉਦੇਸ਼ ਆਪਣੇ ਸਾਹਮਣੇ ਰਖ ਲੋਕਾਂ ਨੂੰ ਜਥੇ-ਬੰਦ ਕੀਤਾ, ਫਿਰ ਕਿਉਂ ਨਾਮਧਾਰੀਆਂ ਨੇ ਗਊਆਂ ਪਿਛੇ ਕੁਰਬਾਨੀਆਂ ਦਿਤੀਆਂ ਜਾਂ ਇੰਝ ਕਹਿ ਲਵੋ ਕਿ ਗਊ-ਗਰੀਬ ਦੀ ਰਖਿਆ ਕਰਨਾ ਅਜ਼ਾਦੀ ਦੀ ਮੁਹਿੰਮ ਨਾਲ ਕੀ ਸਬੰਧ ਰਖਦਾ ਸੀ।

Sri Satguru Jagjit Singh Ji eLibrary NamdhariElibrary@gmail.com

# 3.

ਕੁਝ ਕੁ ਸ਼ੰਕੇ ਬਾਕੀ ਰਹਿ ਗਏ ਹਨ, ਕਿਉਂ ਨਾ ਉਨ੍ਹਾਂ ਬਾਰੇ ਵੀ ਵਿਚਾਰ ਕਰ ਲਈਏ, ਉਹ ਇਸ ਪ੍ਰਕਾਰ ਹਨ :—

1. ਕੀ ਅੰਗਰੇਜ਼ਾਂ ਨੇ ਨਾਮਧਾਰੀ ਲਹਿਰ ਨੂੰ ਦਬਾ ਦਿਤਾ।

2. ਕੀ ਕਦੀ ਨਾਮਧਾਰੀਆਂ ਨੇ ਵੀ ਅੰਗਰੇਜ਼ ਦੀ ਮੁਖਬਰੀ ਕੀਤੀ।

ਆਮ ਤੌਰ ਤੇ ਲੇਖਕ ਇਹ ਹੀ ਲਿਖਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ ਗਿਆ ਅਤੇ ਕੂਕਾ ਲਹਿਰ ਨੂੰ ਸਖਤੀ ਨਾਲ ਦਬਾ ਦਿਤਾ ਗਿਆ। ਪਰ ਇਹ ਬਿਲਕੁਲ ਝੂਠ, ਬੇ-ਬੁਨਿਆਦ ਗਲ ਹੈ। ਹਾਂ ਇਹ ਸਚ ਹੈ ਕਿ ਇਕ ਵਾਰ ਨਾਮਧਾਰੀਆਂ ਦਾ ਉਠਦਾ ਜੋਸ਼ ਮੱਠਾ ਪੈ ਗਿਆ। ਇਸ ਦਾ ਕਾਰਣ ਇਹ ਸੀ ਕਿ ਉਨ੍ਹਾਂ ਦੇ ਆਗੂ ਨੂੰ ਉਨ੍ਹਾਂ ਤੋਂ ਦੂਰ ਭੇਜ ਦਿਤਾ ਗਿਆ, ਬਿਨਾਂ ਆਗੂ ਤੋਂ ਕੋਈ ਵੀ ਲਹਿਰ ਕੰਮ ਨਹੀਂ ਕਰ ਸਕਦੀ, ਜਿਵੇਂ ਬਿਨਾਂ ਮਲਾਹ ਤੋਂ ਬੇੜੀ। ਪਰ ਕੂਕਿਆਂ ਨੇ ਆਪਣਾ ਕੰਮ ਜਾਰੀ ਰਖਿਆ। ਅਪਰੈਲ 2, 1872 ਦੀ ਚਿਠੀ ਜੋ ਪੰਜਾਬ ਸਰਕਾਰ ਦੇ ਸਕੱਤਰ ਨੇ ਲਿਖੀ, ਤੋਂ ਇਹ ਚੀਜ਼ ਸਪਸ਼ਟ ਹੁੰਦੀ ਹੈ ਕਿ ਕੂਕਿਆਂ ਵਲੋਂ ਬਗਾਵਤ ਦਾ ਕੰਮ ਜਾਰੀ ਰਿਹਾ ਤੇ ਅੰਮ੍ਰਿਤਸਰ, ਅਨੰਦਪੁਰ, ਸਿਆਲਕੋਟ ਤੇ ਗੁਜਰਾਂ ਵਾਲੇ ਵਿਚ ਕੂਕਿਆਂ ਵਿਚ ਬਗਾਵਤੀ ਚਿੰਨ ਨਜ਼ਰ ਆਉਂਦੇ ਸਨ ਤੇ ਜਿਥੋਂ ਤਕ ਸਤਿਗੁਰੂ ਹਰੀ ਸਿੰਘ ਜੀ ਦਾ ਤਾਲੁਕਾਤ ਹੈ, ਉਨ੍ਹਾਂ ਦੇ ਵੇਲੇ ਕੂਕਿਆਂ ਵਲੋਂ ਕੋਈ ਇਨਕਲਾਬੀ ਕਦਮ ਨਹੀਂ ਚੁਕਿਆ ਗਿਆ। ਪਰ ਮੌਕਾ ਮਿਲਣ ਤੇ ਸਰਕਾਰ ਦੇ ਹੁਕਮਾਂ ਦਾ ਉਲੰਘਣ ਕੀਤਾ ਜਾਂਦਾ ਰਿਹਾ। ਉਦਾਹਰਣ ਵਜੋਂ ਛੁਟੀ ਦੇ ਦਿਨਾਂ ਵਿਚ ਵਾਧਾ ਕਰ ਲੈਣਾ। ਛੋਟੇ ਛੋਟੇ ਸਮਾਗਮਾਂ ਨੂੰ ਚੰਗੇ ਇਕੱਠ ਦਾ ਰੂਪ ਦੇ ਦੇਣਾ ਤੇ ਪ੍ਰਚਾਰ ਕਰਨਾ ਪਰ ਉਨ੍ਹਾਂ ਵੇਲੇ ਕੋਈ ਜ਼ਾਹਰੀ ਵਿਰੋਧਤਾ ਨਹੀਂ ਕੀਤੀ ਗਈ ਸੀ। ਕਿਉਂਕਿ ਸਰਕਾਰ ਨੇ ਹੁਕਮ ਜਾਰੀ ਕੀਤਾ ਸੀ ਕਿ ਪੰਜ ਕੂਕੇ ਇਕੱਠੇ ਨਾ ਹੋਣ, ਜਿਸ ਪਿੰਡ ਵਿਚ



Sri Satguru Jagjit Singh Ji eLibrary NamdhariElibrary@gmail.com

ਕੂਕਾ ਹੈ, ਇਤਲਾਹ ਦਿਤੀ ਜਾਵੇ। ਜਾਇਦਾਦਾਂ ਜਬਤ ਕਰ ਲਈਆਂ ਗਈਆਂ ਸਨ। ਡਰ ਦੇ ਮਾਰੇ ਇਹ ਲੋਕ ਸਹਿਮ ਗਏ ਸਨ। ਸਤਿਗੁਰੂ ਜੀ ਨੇ ਆਪਣੀ ਨੂਰਾਨੀ ਸ਼ਕਤੀ ਨਾਲ ਸੰਗਤ ਨੂੰ ਧਰਵਾਸ ਬਖਸ਼ਿਆ। ਪਰ ਇਨਕਲਾਬੀ ਆਗੂ ਦੀ ਅਗਵਾਈ ਹੇਠ ਇਹ ਦਬੇ ਸ਼ੋਲੇ, ਫਿਰ ਭੜਕਣ ਲਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਹੇਠ ਲਾਵਾ ਮੁੜ ਫੁਟ ਪਿਆ। ਕੂਕਿਆਂ ਨੇ ਕਾਂਗਰਸ ਨਾਲ ਮੋਢੇ ਨਾਲ ਮੋਢਾ ਜੋੜ ਕੇ ਪੰਜਾਬ ਵਿਚ ਅਜ਼ਾਦੀ ਸ਼ਮਾਂ ਦੇ ਪ੍ਰਵਾਨਿਆਂ ਨੇ ਸਦਾ ਦਿਤਾ। 1920 ਦੇ ਕਲਕਤਾ ਕਾਂਗਰਸ ਦੇ ਇਜਲਾਸ ਵਿਚ ਪੰਜਾਬ ਵਿਚੋਂ ਕੂਕਿਆਂ ਨੇ ਵੀ ਸਦਾ ਪੱਤਰ ਮਿਲਣ ਤੇ ਭਾਗ ਲਿਆ। 1927 ਵਿਚ ਮੁਰਿੰਡਾ ਕਲਾਂ (ਜ਼ਿਲਾ ਜਲੰਧਰ) ਵਿਚ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਇਕ ਮਹਾਨ ਇਕੱਠ ਕੀਤਾ ਗਿਆ। ਤੇ ਇਸ ਇਕੱਠ ਤੇ ਤਿੰਨ ਦਿਨ ਦਾ 17 ਤੋਂ 19 ਜਨਵਰੀ ਤਕ ਇਕ ਕੌਮੀ ਏਕਤਾ ਸੰਮੇਲਨ ਰਖਿਆ ਗਿਆ। ਜਿਸ ਵਿਚ ਸੂਬੇ ਤੇ ਦੇਸ਼ ਦੇ ਨੇਤਾਵਾਂ ਨੇ ਭਾਗ ਲਿਆ। ਇਸ ਸੰਮੇਲਨ ਦੀ ਪ੍ਰਧਾਨਗੀ ਖੁਦ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ। ਅਗਰ ਉਸ ਸਮੇਲਨ ਦੀ ਰਿਪੋਰਟ ਪੜ੍ਹੀਏ ਤਾਂ ਸਾਫ ਸਪਸ਼ਟ ਹੋ ਜਾਂਦਾ ਹੈ ਕਿ ਨਾਮਧਾਰੀਆਂ ਦੇ ਮਨਾਂ ਵਿਚ ਦੇਸ ਪ੍ਰਤੀ ਕਿਤਨੀ ਭਾਵਨਾ ਸੀ। 1929 ਵਿਚ ਲਾਹੌਰ ਸੈਸ਼ਨ ਵੇਲੇ ਕੂਕਿਆਂ ਨੇ ਹੀ ਵਧ ਚੜ੍ਹ ਕੇ ਹਿਸਾ ਲਿਆ ਜਦੋਂ ਕਿ ਅਕਾਲੀ ਪਾਰਟੀ ਨੇ ਇਸ ਸੈਸ਼ਨ ਦੀ ਵਿਰੋਧਤਾ ਕੀਤੀ। ਕੂਕਿਆਂ ਨੇ ਸਾਰੇ ਲੰਗਰ ਦਾ ਪ੍ਰਬੰਧ ਕੀਤਾ। ਪੰਡਤ ਜਵਾਹਰ ਲਾਲ ਨੈਹਰੂ ਦੇ ਸਵਾਗਤਮ ਜਲੂਸ ਵਿਚ ਕੂਕਿਆਂ ਨੇ ਵਧ ਚੜ੍ਹ ਕੇ ਹਿਸਾ ਲਿਆ। 1939 ਸਟੇਟ ਪੀਪਲਜ਼ ਕਾਨਫ੍ਰੰਸ ਜੋ ਲੁਧਿਆਣਾ ਵਿਚ ਹੋਈ, ਜਲਸੇ ਦੇ ਜਲੂਸ ਵਿਚ ਜਿਥੇ ਪੰਡਤ ਨੈਹਰੂ ਲਈ ਨਾਮਧਾਰੀਆਂ ਵਲੋਂ ਘੜਾ ਭੇਜਿਆ ਗਿਆ। ਉਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਜਲੂਸ ਵਿਚ ਸ਼ਾਮਲ ਹੋ ਇਸ ਹੋ ਰਹੇ ਸਮਾਗਮ ਨੂੰ ਚਾਰ ਚੰਨ ਲਾ ਦਿਤੇ। ਇਥੋਂ ਪੰਡਤ ਜੀ ਫਿਰ ਸ੍ਰੀ ਭੈਣੀ ਸਾਹਿਬ ਦਰਸ਼ਨ ਲਈ ਗਏ। ਉਥੇ ਵੀ ਤਕਰੀਰਾਂ ਕੀਤੀਆਂ ਗਈਆਂ। ਕੀ, ਕੀ ਲਿਖਾਂ? ਅਜੇਹੀਆਂ ਉਦਾਹਰਣਾਂ ਦੀ ਤਾਂ ਇਕ ਵਖਰੀ ਕਿਤਾਬ ਹੀ ਰਚੀ ਜਾ ਸਕਦੀ ਹੈ ਕਿ ਨਾਮਧਾਰੀ ਕਾਂਗਰਸ ਮੇਲ ਜੋਲ ਕਿਵੇਂ ਰਿਹਾ ਸੀ। ਯਾਰੋ! ਨਾਮਧਾਰੀਆਂ ਨੇ ਜੇਲ ਯਾਤਰਾਵਾਂ ਕੀਤੀਆਂ,

ਕਾਲੇ ਪਾਣੀ ਗਏ, ਫਾਂਸੀਆਂ ਤੇ ਲਟਕੇ, ਤੋਪਾਂ ਨਾਲ ਉਡਾਏ ਜਾਣ ਦੇ ਬਾਦ ਵੀ ਉਨ੍ਹਾਂ ਨੇ ਹੌਂਸਲਾ ਨਾ ਛਡਿਆ, ਉਨ੍ਹਾਂ ਨੇ ਆਪਣੇ ਮਾਹੀ ਦੀ ਬਾਲੀ ਸ਼ਮਾਂ ਨੂੰ ਬੁਝਣ ਨਾ ਦਿਤਾ। ਪਰ ਅਸੀਂ ਤਾਂ ਉਨ੍ਹਾਂ ਮਰਜੀਵੜਿਆਂ ਨੂੰ ਭੁਲਾ ਹੀ ਦਿਤਾ ਹੈ। ਅਜ ਦੇਸ਼ ਨੂੰ ਆਜ਼ਾਦ ਹੋਏ 28 ਸਾਲ ਹੋ ਰਹੇ ਹਨ ਪਰ ਅਸੀਂ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰਖਣ ਹਿਤ ਕੋਈ ਯਾਦਗੀਰ ਕਾਇਮ ਨਹੀਂ ਕੀਤੀ। ਇਥੋਂ ਤਕ ਕਿ ਜਿਥੇ ਉਨ੍ਹਾਂ ਸ਼ਹੀਦਾਂ ਨੂੰ ਫਾਂਸੀਆਂ ਦਿਤੀਆਂ ਗਈਆਂ, ਉਹ ਸਾਰੀਆਂ ਥਾਵਾਂ ਨਾਮਧਾਰੀ ਦਰਬਾਰ ਨੂੰ ਨਹੀਂ ਦਿਤੀਆਂ ਗਈਆਂ। ਇਹ ਸੀ ਕੁਝ ਕੁ ਨਾਮਧਾਰੀ ਲਹਿਰ ਦੇ ਦਬਾਏ ਜਾਣ ਬਾਰੇ ਵਿਚਾਰ। ਅਗੇ ਜਾ ਕੇ ਇਹ ਸ਼ੰਕਾ ਹੋਰ ਵੀ ਨਵਿਰਤ ਹੋ ਜਾਵੇਗਾ।

ਹਾਂ, ਹੁਣ ਸਾਡੇ ਸਾਹਮਣੇ ਇਹ ਸੁਆਲ ਹੈ ਕਿ ਕਦੀ ਨਾਮਧਾਰੀਆਂ ਵੀ ਅੰਗਰੇਜ਼ ਦੀ ਮੁਖਬਰੀ ਕੀਤੀ, ਕੀ ਸਰਕਾਰ ਵਲੋਂ ਜਾਰੀ ਆਦੇਸ਼ਾਂ ਤੇ ਨਾਮ-ਧਾਰੀਆਂ ਨੇ ਕਦੀ ਅਮਲ ਕੀਤਾ। ਇਸ ਬਾਰੇ ਇਤਿਹਾਸ ਵਾਚਣ ਤੋਂ ਕੋਈ ਸਬੂਤ ਨਹੀਂ ਮਿਲਦਾ ਜੋ ਇਹ ਸਿਧ ਕਰ ਸਕੇ ਕਿ ਨਾਮਧਾਰੀਆਂ ਅੰਗਰੇਜ਼ ਦੀ ਮੁਖਬਰੀ ਕੀਤੀ। ਡਾ: ਗੰਡਾ ਸਿੰਘ ਅਨੁਸਾਰ ਬੀੜ ਦਾ ਇਲਾਕਾ ਅੰਗਰੇਜ਼ ਵਲੋਂ ਨਾਮਧਾਰੀਆਂ ਨੂੰ ਅੰਗਰੇਜ਼ ਦੀ ਖੁਸ਼ਾਮਦੀ ਕਰਨ ਤੋਂ ਪ੍ਰਾਪਤ ਹੋਇਆ। ਪਰ ਇਹ ਝੂਠੋ ਝੂਠ ਸੋ ਕੁਤਾਲ ਵਾਲੀ ਗਲ ਹੈ। ਮੈਂ ਡਾ: ਸਾਹਿਬ ਦੀ ਜਾਣਕਾਰੀ ਲਈ ਇਹ ਦਸ ਦੇਣਾ ਚਾਹੁੰਦਾ ਹੈ ਕਿ ਇਹ ਬੀੜ ਦਾ ਇਲਾਕਾ ਤਾਂ ਮਹਾਰਾਜਾ ਰਿਪਦਮਨ ਸਿੰਘ ਨੇ ਆਪਣੇ ਘਰ ਲੜਕੇ ਹੋਣ ਦੀ ਖੁਸ਼ੀ ਵਿਚ ਸ੍ਰੀ ਸਤਿਗੁਰੂ ਜੀ ਨੂੰ ਭੇਟਾ ਕੀਤੀ ਸੀ, ਇਸ ਦੇ ਨਾਲ ਕਈ ਹੋਰ ਚੀਜ਼ਾਂ ਵੀ ਦਿਤੀਆਂ ਸਨ। ਕਿਉਂਕਿ ਲੜਕੇ ਦਾ ਜਨਮ ਸਤਿਗੁਰੂ ਜੀ ਦੀ ਅਪਾਰ ਕਿਰਪਾ ਕਰਕੇ ਹੋਇਆ ਸੀ। ਕਿਤਨਾ ਕੁਫਰ ਤੋਲਦੇ ਹਨ। ਮੈਨੂੰ ਤਾਂ ਉਨ੍ਹਾਂ ਦੇ ਲੇਖ ਪੜ੍ਹ ਇੰਜ ਲਗਦਾ ਹੈ ਕਿ ਡਾ: ਸਾਹਿਬ ਅਜੇ ਤਕ ਨਾਮਧਾਰੀ ਲਹਿਰ ਦੇ 'ੳ', 'ਅ' ਤੋਂ ਵੀ ਜਾਣੂ ਨਹੀਂ ਹੋ ਸਕੇ। ਭਾਵ ਕਿ ਉਨ੍ਹਾਂ ਨੂੰ ਨਾਮਧਾਰੀ ਲਹਿਰ ਬਾਰੇ ਨਾ ਮਾਤਰ ਵੀ ਜਾਣਕਾਰੀ ਨਹੀਂ ਹੈ। ਆਮ ਜਨਤਾ ਦੀ ਸੰਤੁਸ਼ਟੀ ਲਈ ਮੈਂ ਇਕ ਜਾਣੇ ਪਛਾਣੇ ਲੇਖਕ ਦੇ ਵਿਚਾਰ ਦੇ ਰਿਹਾ ਹਾਂ ਜੋ ਕਿ ਡਾ: ਸਾਹਿਬ ਤੋਂ ਬਿਲਕੁਲ ਉਲਟ ਹਨ।

ਨਾਮਧਾਰੀਆਂ ਨੇ ਕਦੇ ਵੀ ਭਾਰਤ ਵਿਚ ਅੰਗਰੇਜ਼ੀ ਰਾਜ ਨੂੰ ਮਾਨਤਾ ਨਹੀਂ

Sri Satguru Jagjit Singh Ji eLibrary NamdhariElibrary@gmail.com

ਦਿਤੀ। ਸਗੋਂ ਸਦਾ ਹੀ ਵਿਰੋਧਤਾ ਕੀਤੀ। ਮਿੰਟਗੁਮਰੀ ਦੀ ਬਾਰ ਦੇ ਆਬਾਦ ਹੋਣ ਵੇਲੇ ਜਦੋਂ ਇਕ ਅੰਗਰੇਜ਼ੀ ਅਧਿਕਾਰੀ ਨੇ ਨਾਮਧਾਰੀ ਬਾਬਾ ਹਰੀ ਸਿੰਘ ਜੀ ਜੀ ਨੂੰ 100 ਮੁਰੱਬਾ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ ਤਾਂ ਉਨ੍ਹਾਂ ਇਸ ਨੂੰ ਠੁਕਰਾਉਂਦਿਆਂ ਕਿਹਾ ਸੀ ਕਿ ਇਸ ਦਾ ਮਤਲਬ ਹੈ ਬਾਕੀ ਧਰਤੀ ਸਾਡੀ ਨਹੀਂ ?" **(ਅਕਾਲੀ ਪੱਤ੍ਰਕਾ, 16 ਫਰਵਰੀ 1975)**।

ਲੋਕੋ ਜੇ ਨਾਮਧਾਰੀਆਂ ਨੂੰ ਜ਼ਮੀਨ ਦਾ ਲਾਲਚ ਹੁੰਦਾ ਤਾਂ ਉਹ ਉਸ ਵਕਤ ਹਾਂ ਕਿਉਂ 'ਨਾ' ਕਰਦੇ ਜਦੋਂ ਬਿਕ੍ਰਮੀ 1956 ਵਿਚ ਕਾਲ ਪਿਆ ਸੀ ਤਾਂ ਭੈਣੀ ਸਾਹਿਬ ਵਿਚ ਜੋ ਸਦਾ ਬਰਤ ਲੰਗਰ ਚਲ ਰਿਹਾ ਸੀ, ਉਥੋਂ ਇਕਠਾਂ ਦੇ ਇਕਠ ਆ ਕੇ ਲੰਗਰ ਛਕਣ ਲਗੇ। ਭੀੜਾਂ ਦੀਆਂ ਭੀੜਾਂ ਭੈਣੀ ਸਾਹਿਬ ਵਲ ਜਾਣ ਲਗੀਆਂ। ਡੀ. ਸੀ. ਦੇ ਪਛਣ ਤੇ ਜੈਲਦਾਰਾਂ ਕਿਹਾ ਕਿ ਇਹ ਭੀੜਾਂ ਭੈਣੀ ਜਾ ਰਹੀਆਂ ਹਨ ਕੂਕਿਆਂ ਦੇ ਡੇਰੇ, ਉਥੇ ਸਦਾ ਬਰਤ ਲੰਗਰ ਚਲ ਰਿਹਾ ਹੈ। ਡੀ. ਸੀ. ਨੂੰ ਇਤਬਾਰ ਨਾ ਆਇਆ ਉਹ ਭੈਣੀ ਸਾਹਿਬ ਆਪ ਵੇਖਣ ਆਇਆ। ਤਾਂ ਵੇਖ ਕੇ ਹੈਰਾਨ ਰਹਿ ਗਿਆ। ਉਸਦੇ ਇਹ ਸੁਆਲ ਕਰਨ ਤੇ ਕਿ "ਤੁਸੀਂ ਇਨ੍ਹਾਂ ਕਾਲ ਪੀੜਤਾਂ ਨੂੰ ਰੋਟੀ ਕਿਉਂ ਖੁਆਉਂਦੇ ਹ" ਸਤਿਗੁਰੂ ਹਰੀ ਸਿੰਘ ਨੇ ਉਤਰ ਦਿਤਾ "ਮੇਰੇ ਦੇਸ਼ ਦੇ ਲੋਕ ਹਨ, ਇਸ ਕਰਕੇ ਖੁਆ ਰਹੇ ਹਾਂ, ਨਾਲੇ ਪ੍ਰਮਾਤਮਾ ਦਿੰਦਾ ਹੈ ਅਸੀਂ ਖੁਆ ਰਹੇ ਹਾਂ। ਜੁਆਬ ਸੁਣ ਡੀ. ਸੀ. ਸ਼ਾਂਤ ਹੋ ਗਿਆ। ਉਸਨੇ ਖੁਸ਼ ਹੋ ਕੇ ਕਿਹਾ "ਮੈਂ ਆਪ ਦੀ ਇਸ ਭਾਵਨਾ ਤੋਂ ਖੁਸ਼ ਹੋ ਕੇ 80 ਮੁਰੱਬੇ ਜ਼ਮੀਨ ਦਿੰਦਾ ਹਾਂ।" ਤਾਂ ਸਤਿਗੁਰੂ ਜੀ ਨੇ ਓਹੀ ਜੁਆਬ ਦਿਤਾ, "ਬਾਕੀ ਜ਼ਮੀਨ ਕਿਸ ਦੀ ਹੈ, ਦੇਸ਼ ਸਾਡਾ ਹੈ ਅਸੀਂ ਇਸ ਦੇ ਮਾਲਕ ਹਾਂ।" ਡੀ. ਸੀ. ਨੇ ਕਿਹਾ "ਲੋਕ ਕਿਉਂ ਮੰਗਦੇ ਹਨ ?" ਤਾਂ ਸਤਿਗੁਰੂ ਜੀ ਨੇ ਕਿਹਾ "ਮੂਰਖ ਹਨ ਦੁਖ ਪਾਉਣਗੇ।" ਓ ਯਾਰੋ ! ਭਲਾ ਇਕ ਬੀੜ ਦੇ ਇਲਾਕੇ ਪਿਛੇ ਸਤਿਗੁਰੂ ਪ੍ਰਤਾਪ ਸਿੰਘ ਨੇ ਅੰਗਰੇਜ਼ ਦੀ ਮੁਖਬਰੀ ਕਰਨੀ ਸੀ। ਇੰਜ਼ ਲਗਦਾ ਹੈ ਕਿ ਡਾ: ਸਾਹਿਬ ਪੰਜਾਬ ਗਵਰਨਰ ਦੇ ਖਾਸ ਝੋਲੀ ਚੁਕ ਸਨ ਜੋ ਉਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਗਵਰਨਰ ਕੋਲੋਂ ਦਇਆ ਦੀ ਭੀਖ ਮੰਗਦੇ ਦੇਖਿਆ ਸੀ। ਪਤਾ ਨਹੀਂ ਲਗਦਾ ਇੰਨਾ ਕੁਫਰ ਲਿਖਣ ਲਗੇ ਇਨ੍ਹਾਂ ਦੀ ਜ਼ਮੀਰ ਇਨ੍ਹਾਂ ਨੂੰ ਰੋਕਦੀ ਨਹੀਂ। ਇਥੇ ਹੀ ਬਸ ਨਹੀਂ ਜਦੋਂ ਦੂਸਰੇ ਮਹਾਂ

ਯੁਧ ਵੇਲੇ ਅੰਗਰੇਜ਼ ਨੇ ਸਤਿਗੁਰੂ ਪ੍ਰਤਾਪ ਸਿੰਘ ਨੂੰ ਕਿਹਾ ਕਿ ਉਹ ਨਾਮਧਾਰੀਆਂ ਨੂੰ ਇਕ ਵਾਰ ਫੌਜ ਵਿਚ ਭਰਤੀ ਹੋਣ ਲਈ ਕਹਿ ਦੇਣ ਤਾਂ ਸਤਿਗੁਰੂ ਜੀ ਨੇ ਸਾਫ ਇਨਕਾਰ ਕਰ ਦਿਤਾ ਸੀ। ਪਤਾ ਨਹੀਂ ਇਹ ਲੇਖਕ ਕਿਉਂ ਲਿਖਦੇ ਹਨ ਕਿਸ ਅਧਾਰ ਤੇ ਲਿਖਦੇ ਹਨ ਕਿ "ਕੂਕਿਆਂ ਅੰਗਰੇਜ ਦੀ ਮੁਖਬਰੀ ਕੀਤੀ।" ਯਾਦ ਰਹੇ ਕਿ ਇਸ ਫੌਜੀ ਭਰਤੀ ਲਈ ਭਾਰਤੀ ਲੋਕ ਵਧ ਚੜ੍ਹ ਕੇ ਭਰਤੀ ਹੋਏ ਸਨ। ਲਹਾਨਤ ਹੈ ਇਨ੍ਹਾਂ ਲੇਖਕਾਂ ਨੂੰ, ਉਹ ਇਨਸਾਨ ਨਹੀਂ ਹੈਵਾਨ ਹਨ, ਜੋ ਆਪਣੀ ਕੌਮ ਦਾ ਹੀ ਇਤਿਹਾਸ ਵਿਗਾੜਣ ਤੇ ਲਗੇ ਹੋਏ ਹਨ।

ਇਕ ਗੱਲ ਹੋਰ ਯਾਦ ਆ ਗਈ ਹੈ ਕਿ ਕਈ ਲੇਖਕਾਂ ਦਾ ਖਿਆਲ ਹੈ ਕਿ ਨਾਮਧਾਰੀ ਲਹਿਰ ਪਹਿਲਾਂ ਇਕ ਧਾਰਮਿਕ ਲਹਿਰ ਸੀ ਪਰ ਪਿਛੋਂ ਇਹ ਰਾਜਸੀ ਲਹਿਰ ਦਾ ਰੂਪ ਧਾਰਨ ਕਰ ਗਈ। ਪਰ ਭਾਰਤ ਸ੍ਰਕਾਰ ਦੇ ਮੁਤਾਬਿਕ, **"कुछ लोगों का मत है कि गुरू राम सिंह के अंदोलन का उद्देश्य शुरू में केवल धार्मिक और सामाजिक था पर गो हत्या के प्रश्न को लेकर उसने राजनीतिक रूप धारन किया। पर यह सही नहीं लगता क्योंकि कूका–धर्म के सिद्धांतों का राजनैतिक स्वरूप शुरू में ही स्पषट था।" (गुरू राम सिंह और कूका विद्रोह)।**

ਇਹ ਸੀ ਕੂਕਾ-ਅੰਦੋਲਨ ਦਾ ਸੰਖੇਪ ਰਾਜਨੀਤਿਕ ਪੱਖ, ਕਿ ਨਾਮਧਾਰੀਆਂ ਕਿਸ ਵੇਲੇ, ਕਿਵੇਂ ਤੇ ਕਿਉਂ ਕੂਕਣਾ ਆਰੰਭਿਆ। ਅੰਤ ਵਿਚ ਪੜ੍ਹੇ ਨੂੰ ਫਿਰ ਤਾਜ਼ਾ ਕਰ ਲਈਏ, ਤੇ ਵੇਖੀਏ ਕਿ ਨਾਮਧਾਰੀ ਲਹਿਰ ਦੀ ਕੀ ਮਹਾਨਤਾ ਹੈ, ਇਸ ਲਹਿਰ ਨੇ ਕਿਨ੍ਹਾਂ ਲੋਗਾਂ ਨੂੰ ਅਜ਼ਾਦੀ-ਸੰਗ੍ਰਾਮ ਲਈ ਪਰੇਰਿਆ।

"ਨਾਮਧਾਰੀ ਲਹਿਰ ਅਚੇਰ ਤੌਰ ਤੇ ਭਾਰਤੀ ਸੁਤੰਤਰਤਾ ਦਾ ਮੁਢ ਸੀ। ਭਾਵੇਂ ਭਾਰਤ ਦੀ ਸੁਤੰਤਰਤਾ ਦਾ ਸੁਪਨਾ "ਗੁਰਦੁਆਰਾ ਸੁਧਾਰ ਲਹਿਰ" ਦੇ ਨਾਲ ਹੀ ਸਾਡੀ ਅਜੋਕੀ ਕਾਂਗਰਸ ਦੇ ਪਹਿਲੇ ਮੋਢੀਆਂ ਨੇ ਲੈਣਾ ਸ਼ੁਰੂ ਕਰ ਦਿਤਾ। ਪਰ ਗੁਰਦੁਆਰਾ ਸੁਧਾਰ ਲਈ ਪੰਜਾਬ ਵਾਸੀ ਜਨਤਾ ਵਿਚ ਜਿਹੜਾ ਇਨਕਲਾਬੀ ਜਜ਼ਬਾ ਪੈਦਾ ਹੋਇਆ, ਉਹ ਨਾਮਧਾਰੀ ਲਹਿਰ ਦੇ ਇਨਕਲਾਬੀ ਜਜ਼ਬੇ ਦਾ ਹੀ ਇਕ ਸਰਬ-ਭਾਵੀ ਭਾਗ ਸੀ। ਜੇ ਭਾਰਤੀ ਸੁਤੰਤਰਤਾ ਦਾ "ਸੁਪਨਾ"

ਗੁਰਦੁਆਰਾ ਸੁਧਾਰ ਲਹਿਰ ਤੋਂ ਪ੍ਰਬਲ ਰੂਪ ਧਾਰਨ ਕਰਦਾ ਹੈ ਤਾਂ ਇਸ ਵਿਚ ਕਿਸੇ ਤਰ੍ਹਾਂ ਦੀ ਤੱਥ-ਹੀਣਤਾ ਨਹੀਂ, ਕਿ ਗੁਰਦੁਆਰਾ ਸੁਧਾਰ ਲਹਿਰ, ਜਿਸ ਨੂੰ ਨਵ-ਜਾਗ੍ਰਿਤੀ ਦਾ ਕਾਲ ਵੀ ਕਿਹਾ ਜਾਂਦਾ ਹੈ ਦਾ ਮੋਢੀ ਬਾਬਾ ਰਾਮ ਸਿੰਘ ਪ੍ਰਸਿਧ ਤੇ ਨਾਮਧਾਰੀ ਆਗੂ ਸੀ। ਇਸ ਆਗੂ ਦੀ ਤੇਜ਼ਧਾਰੀ ਤੇ ਅੰਗਰੇਜ਼ਾਂ ਨਾਲ ਨਾ-ਮਿਲਵਰਤਣੀ ਸ਼ਖਸੀਅਤ ਦੇ ਪ੍ਰਚਾਰ ਦਾ ਸਿਟਾ ਹੀ ਸੀ ਕਿ ਸਮੁਚੇ ਪੰਜਾਬ ਵਿਚ ਅੰਗਰੇਜ਼ੀ ਨੀਤੀ ਵਿਰੁਧ ਰੋਸ ਦੇ ਭਾਂਬੜ ਬਲਣ ਲਗਾ ਤੇ ਦੇਸ਼-ਆਜ਼ਾਦੀ ਦਾ ਜਜ਼ਬਾ ਪ੍ਰਬਲ ਰੂਪ ਵਿਚ ਦੇਸ਼-ਵਾਸੀਆਂ ਨੂੰ ਜਗਾਣ ਲਗਾ...... ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਨਾਮਧਾਰੀ ਲਹਿਰ ਦੇ ਆਗੂ ਹੀ ਪਹਿਲੇ ਪੰਜਾਬੀ ਸਨ, ਜਿਨ੍ਹਾਂ ਨੇ ਅ-ਸੁਆਰਥ ਹੋ ਕੇ, ਤੇ ਆਪਣੇ ਸਰੀਰ ਨੂੰ ਅਸਥਿਰ ਸਮਝ ਕੇ ਸੁਦੇਸ਼ੀ ਵਾਤਾਵਰਣ ਨੂੰ ਉਚਾਇਆ ਤੇ ਬਦੇਸ਼ੀ ਵਾਤਾਵਰਣ ਦਾ ਹਰ ਖੇਤਰ ਵਿਚ ਡਟ ਕੇ ਵਿਰੋਧ ਕੀਤਾ ਹੈ। ਅੰਗਰੇਜ਼ਾਂ ਵਿਰੁਧ ਪ੍ਰਚਲਣ ਹੋਈ ਨਾ-ਮਿਲਵਰਤਣ ਲਹਿਰ ਦੇ ਮੋਢੀ ਵੀ ਇਹ ਨਾਮਧਾਰੀ ਆਗੂ ਸਨ........ ਉਹਨਾਂ ਨੇ ਸਿਖ ਸਮਾਜ ਵਿਚ ਆ ਚੁਕੀ ਅੰਧ ਮਰਯਾਦਾ ਦਾ ਪੂਰੀ ਤਰ੍ਹਾਂ ਵਿਰੋਧ ਕੀਤਾ। ਸਿਖਾਂ ਨੂੰ ਬ੍ਰਾਹਮਣੀ ਜਾਲ ਤੋਂ ਬਚਾਇਆ, ਵਿਧਵਾ ਵਿਆਹ ਦੀ ਸੁਤੰਤਰਤਾ ਦਿਤੀ, ਇਸਤ੍ਰੀ ਮਰਦ ਦੀ ਸਮਾਨਤਾ ਦਾ ਪ੍ਰਚਾਰ ਕੀਤਾ, ਸ਼ਰਾਬ ਆਦਿ ਨਸ਼ਿਆਂ ਦਾ ਨਿਖੇਧ ਕੀਤਾ, ਵਿਭਚਾਰੀ ਕਰਤਵਾਂ ਦਾ ਵਿਰੋਧ ਕੀਤਾ, ਲੜਕੀਆਂ ਮਾਰਨ ਜਾਂ ਵੇਚਣ ਦੀ ਰਸਮ ਨੂੰ ਸਖਤੀ ਨਾਲ ਦਬਾਇਆ, ਗਊ-ਗਰੀਬ ਦੀ ਰਖਿਆ ਹਿਤ ਅਨੇਕਾਂ ਕੁਰਬਾਨੀਆ ਦਿਤੀਆਂ। ਇਸ ਤਰ੍ਹਾਂ ਜੀਵਨ ਨੂੰ ਸਮਾਜਕ ਤੌਰ ਤੇ ਸਵੱਛ ਬਨਾਣ ਦਾ ਉਹਨਾਂ ਨੇ ਬੜਾ ਨਿਗਰ ਯਤਨ ਕੀਤਾ।.........ਭਾਵੇਂ ਸਖਤੀਆਂ ਕਾਰਨ ਨਾਮਧਾਰੀ ਲਹਿਰ ਦੀ ਜੋਤਿ ਮਧਮ ਪੈ ਗਈ, ਪਰ ਪੂਰੀ ਤਰ੍ਹਾਂ ਬੁਝੀ ਨਾ। ਇਹ ਅਬੁੱਝ-ਜੋਤਿ ਤੋਂ ਹੀ ਪਿਛੋਂ ਸਿੰਘ ਸਭਾ ਲਹਿਰ, ਅਕਾਲੀ ਲਹਿਰ, ਬਬਰ ਅਕਾਲੀ ਲਹਿਰ, ਭਾਂਬੜ ਰੂਪ ਵਿਚ ਬਲਿਆਂ ਲਹਿਰਾਂ ਸਨ।" **(ਸਿੱਖ ਧਰਮ ਤੇ ਸਿਖ ਪੰਥ, ਵਲੋਂ ਪ੍ਰੋ: ਜੋਗਿੰਦਰ** ਸਿੰਘ ਐਮ. ਏ., ਪੰਨਾ 127-28)।

**ਡਾ: ਫੌਜਾ ਸਿੰਘ** ਦੇ ਵਿਚਾਰ ਪੜ੍ਹੋ ਜੋ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਨਾਮਧਾਰੀ ਲਹਿਰ ਨੂੰ ਅੰਗਰੇਜ਼ ਦਬਾ ਨਾ ਸਕਿਆ ਹਾਂ ਕੁਝ ਸਮੇਂ ਲਈ

Sri Satguru Jagjit Singh Ji eLibrary NamdhariElibrary@gmail.com

ਨਾਮਧਾਰੀਆਂ ਦਾ ਜੋਸ਼ ਜ਼ਰੂਰ ਮਠਾ ਪੈ ਗਿਆ ਜਿਵੇਂ ਕਿ "ਵਿਦੇਸ਼ੀ ਸਰਕਾਰ ਦਾ ਵਿਸ਼ਵਾਸ ਸੀ ਕਿ ਇਕ ਕਰਾਰੀਆਂ ਸਟਾਂ ਕੂਕਿਆਂ ਨੂੰ ਖਤਮ ਕਰ ਦੇਣਗੀਆਂ, ਪਰ ਉਸਦੀ ਇਹ ਆਸ ਪੂਰੀ ਨਾ ਹੋਈ, ਕਿਉਂਕਿ ਕੁਝ ਚਿਰ ਬਾਅਦ 'ਕੂਕਿਆਂ ਦਾ ਜੋਸ਼' ਫਿਰ ਠਾਠਾਂ ਮਾਰਨ ਲਗ ਪਿਆ। .. . ...ਅਗੇ ਜਾ ਕੇ ਕੂਕਾ-ਅੰਦੋਲਨ ਦਾ ਅਸਰ ਗਦਰ ਪਾਰਟੀ ਉਤੇ ਪਇਆ। 'ਇਹ ਚੀਜ਼ ਬਾਬਾ ਸੋਹਣ ਸਿੰਘ ਭਕਨ ਦੀ ਜੀਵਨ ਕਹਾਣੀ ਵਿਚੋਂ ਪ੍ਰਤੱਖ ਨਜ਼ਰ ਆਉਂਦੀ ਹੈ। ਤੇ ਇਹ ਵੀਰ ਪਰੰਪਰਾ ਦਾ ਪ੍ਰਵਾਹ ਚਲਦਾ ਰਿਹਾ। **(ਪੰਜਾਬੀ ਵੀਰ ਪ੍ਰੰਪਰਾ ਦਾ ਵਿਕਾਸ)** ਦੇ ਪੰਨਾ 101 ਤੇ ਡਾ: ਫੌਜਾ ਸਿੰਘ ਪਟਿਆਲਾ)।

ਅਖੀਰ ਵਿਚ ਕਿਉਂ ਨਾ ਕੂਕਿਆਂ ਦੀ "ਕੂਕ" ਬਾਰੇ ਇਹ ਲਾਇਨਾਂ ਪੜ੍ਹਦੇ ਚਲੀਏ, **सद्‌गुरू राम सिंह ने भारत माता की दासतां की बेड़ियां तोढ़ फेंकने के आभिप्राय से अपने अनुयाय्रि ों तथा जन सधारण को उच्चस्वर से सर्वस्व बलिदान करने की प्रथम ललकार या कूक दी। बस कूक देने के कारण इनका अंदोलन और उसमें सक्रिय भाग लेने वाले कूका कहलाए।'...... गुरू राम सिंह के जीवन में वह धार्मिक नैतिक और सामाजिक प्रेरणा के उत्साहप्रद शोत थे जिनसे महात्मा गांधी के जीवन और कार्यक्रम को जाने अथवा अनजाने बल और वरदान प्राप्त हुआ। उनसे नेता जी सुभाष चन्द्र बोस को पथ प्रदर्शन मिला। गुरू राम सिंह जी ने जनता के नैतिक उत्थान और उसमें आत्मविश्वास और आत्म बलिदान की भावना जगाने का महान प्रयास किया।" (गुरू राम सिंह और कूका विद्रोह)**

ਸੋ ਹੁਣ ਤਕ ਅਸੀਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਪ੍ਰਚਲਤ ਕੂਕਾ ਅੰਦੋਲਨ ਦਾ ਵਿਸ਼ਲੇਸ਼ਣ ਕਰ ਰਹੇ ਸੀ। ਮੈਨੂੰ ਪੂਰਣ ਆਸ ਹੈ ਕਿ ਅਗਰ ਇਕ ਥੋੜੀ ਬੁਧੀ ਰਖਣ ਵਾਲਾ ਵਿਅਕਤੀ ਵੀ ਇਸ ਲਿਖੇ ਨੂੰ ਸੁਧ ਭਾਵਨਾ ਨਾਲ ਪੜੇ ਤਾਂ ਕੋਈ ਕਾਰਣ ਨਹੀਂ ਰਹਿ ਜਾਂਦਾ, ਕਿ ਉਹ ਇਹ ਮੰਨਣ ਨੂੰ ਇਨਕਾਰ ਕਰ ਦੇਵੇ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਅਸੁਆਰਥੀ

Sri Satguru Jagjit Singh Ji eLibrary NamdhariElibrary@gmail.com

—ਬਣ ਦੇਸ਼ ਦੀ ਅਜ਼ਾਦੀ ਲਈ ਕੂਕ ਮਾਰੀ, ਲੋਕਾਂ ਨੂੰ ਲਲਕਾਰਿਆ, ਉਨ੍ਹਾਂ ਦੀਆ ਸੁਤੀਆਂ ਆਤਮਾਵਾਂ ਨੂੰ ਨਾਮ ਦਾ ਛੱਟਾ ਦੇ ਜਗਾਇਆ, ਉਨ੍ਹਾਂ ਵਿਚ ਆਤਮਿਕ ਬਲ ਪੈਦਾ ਕਰ, ਦ੍ਰਿੜ ਵਿਸ਼ਵਾਸੀ ਬਣਾ, ਇਕ ਅਜੇਹੀ ਇਨਕਲਾਬੀ ਲਹਿਰ ਨੂੰ ਜਨਮ ਦਿਤਾ ਜਿਸਨੇ ਗੋਰੇ ਨੂੰ ਹੱਥਾਂ ਪੈਰਾਂ ਦੀ ਪਾ ਦਿਤੀ, ਉਨ੍ਹਾਂ ਨੇ ਇਕ ਨਵ-ਢੰਗ ਅਪਣਾਇਆ, ਨਾ ਮਿਲਵਰਤਨ ਨੂੰ ਜਨਮ ਦੇ ਗਊ ਤੇ ਗਰੀਬ ਦੀ ਰਖਿਆ ਕਰਨ ਦਾ ਉਦੇਸ਼ ਲੋਕਾਂ ਦੇ ਸਾਹਮਣੇ ਰਖਿਆ। ਤੇ ਲੋਕਾਂ ਨੂੰ ਉਸਤੇ ਅਮਲ ਕਰਨ ਲਈ ਕਿਹਾ। ਸਿਧੇ ਸ਼ਬਦਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ 13 ਅਪਰੈਲ 1857 ਨੂੰ ਨਾਮਧਾਰੀ ਸਮਾਜ ਦੀ ਨੀਂਹ, ਅੰਗਰੇਜ਼ ਨੂੰ ਭਾਰਤ ਵਿਚੋਂ ਕਢਣ ਹਿਤ ਧਰਮ ਨੂੰ ਉਪਰ ਚੁਕਣ ਲਈ ਰਖੀ ਤੇ ਆਪਣੇ ਮੰਤਵ ਦੀ ਪੂਰਤੀ ਲਈ ਗਊ ਤੇ ਗਰੀਬ ਦੀ ਰਖਿਆ ਕਰਨ ਦਾ ਉਦੇਸ਼ ਲੋਕਾਂ ਸਾਹਮਣੇ ਰਖਿਆ। ਜਿਸ ਉਦੇਸ਼ ਦੀ ਪੂਰਤੀ ਲਈ ਨਾਮਧਾਰੀਆਂ ਨੇ ਕੁਰਬਾਨੀਆਂ ਦਿਤੀਆਂ। ਸਿਆਣਿਆਂ ਲਈ ਤਾਂ ਇਤਨਾ ਹੀ ਕਾਫੀ ਹੈ ਪਰ ਡਾ: ਗੰਡਾ ਸਿੰਘ ਵਰਗੇ ਬੁਧੀਵਾਨਾਂ ਲਈ ਕੁਝ ਨਹੀਂ, ਜਿਨ੍ਹਾਂ ਦਾ ਲਿਖਣ ਦਾ ਉਦੇਸ਼ ਇਹ ਹੈ **"ਗਲਤ ਨੂੰ ਠੀਕ ਤੇ ਠੀਕ ਨੂੰ ਗਲਤ ਕਹੋ।"**

ਅੰਤ ਵਿਚ ਮੈਂ ਡਾ: ਗੰਡਾ ਸਿੰਘ ਵਰਗੇ ਲੇਖਕਾਂ ਨੂੰ ਫਿਰ ਸੁਝਾ ਦਿਆਂਗਾ ਕਿ ਉਹ ਨਾਮਧਾਰੀਆਂ ਪ੍ਰਤੀ ਲਿਖਣਾ ਬੰਦ ਹੀ ਕਰ ਦੇਣ, ਕਿਉਂਕਿ ਇਹ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ, ਉਨ੍ਹਾਂ ਦੀ ਬੁਧੀ ਨਾਮਧਾਰੀਆਂ ਨੂੰ ਸਮਝ ਹੀ ਨਹੀਂ ਸਕਦੀ। ਹੁਣ ਮੈਂ ਬੁਧੀਵਾਨਾਂ ਤੋਂ ਚੰਗੀ ਭਾਵਨਾ ਦੀ ਆਸ ਰਖ, ਸਤਿਗੁਰੂ ਰਾਮ ਸਿੰਘ ਜੀ ਦੀ ਲਗਾਈ ਕੂਕ ਦੀਆਂ ਗੂੰਜਦੀਆਂ ਲਹਿਰਾਂ ਨੂੰ ਸੁਣ ਕੁਰਬਾਨ ਹੋਏ ਮਰਜੀਵੜਿਆਂ ਨੂੰ ਸ਼ਰਧਾਂਜਲੀ ਅਰਪਣ ਕਰਦਾ ਆਗਿਆ ਲਵਾਂਗਾ।

———

Sri Satguru Jagjit Singh Ji eLibrary NamdhariElibrary@gmail.com

# ਨੋਟ

"ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਪ੍ਰਿੰਟਿੰਗ ਵਿਚ ਕੋਈ ਗਲਤੀ ਨਾ ਹੋਵੇ, ਪਰ ਜੇ ਕੋਈ ਗਲਤੀ ਰਹਿ ਗਈ ਹੋਵੇ ਤਾਂ ਪਾਠਕ ਉਸ ਨੂੰ ਸੋਧ ਕੇ ਪੜ੍ਹਨ ਦੀ ਖੇਚਲ ਕਰਨ।"

—ਲੇਖਕ

Sri Satguru Jagjit Singh Ji eLibrary NamdhariElibrary@gmail.com

# ਪੁਸਤਕ-ਸੂਚੀ

| | ਨਾਮ | ਲੇਖਕ |
|---|---|---|
| 1. | ਭਾਰਤ ਦੇ ਬੰਦੀ ਛੋੜ | ਹੀਰਾ ਸਿੰਘ 'ਦਰਦ' |
| 2. | ਮਹਾਨ ਕੂਕਾ ਲਹਿਰ (ਲੇਖ) | ਸ਼ਹੀਦੇ ਆਜ਼ਮ ਭਗਤ ਸਿੰਘ |
| 3. | ਸਵਰਾਜ ਦੀ ਸ਼ਮਾਂ | ਗਿਆਨੀ ਤ੍ਰਿਲੋਕ ਸਿੰਘ |
| 4. | ਪੰਜਾਬ (ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ) | ਡਾ: ਗੰਡਾ ਸਿੰਘ |
| 5. | ਪਾਕਿਸਤਾਨੀ ਘੱਲੂਘਾਰਾ | ਗਿਆਨੀ ਪ੍ਰਤਾਪ ਸਿੰਘ ਜਥੇਦਾਰ |
| 6. | ਪੰਜਾਬ ਵਿਰਸਾ | ਪ੍ਰਿਥੀਪਾਲ ਸਿੰਘ ਕਪੂਰ |
| 7. | ਸਿਖ ਧਰਮ ਤੇ ਸਿਖ ਪੰਥ | ਪ੍ਰੋ: ਜੋਗਿੰਦਰ ਸਿੰਘ ਐਮ. ਏ. |
| 8. | ਨਵਾਂ ਪੰਜਾਬ | ਮੁਨਸ਼ੀ ਰਾਮ ਨੌਖੇਜ਼ |
| 9. | ਮਾਲਵਾ ਇਤਿਹਾਸ (ਦੂਜੀ ਜਿਲਦ) | ਵਿਸ਼ਾਖਾ ਸਿੰਘ 'ਸੰਤ ਸਿਪਾਹੀ' |
| 10. | ਖਾਲਸਾ ਜੀ ਦੇ ਚਮਕਦੇ ਸਿਤਾਰੇ | ਗਿਆਨੀ ਤ੍ਰਿਲੋਕ ਸਿੰਘ |
| 11. | ਸਤਿਗੁਰੂ ਬਿਲਾਸ | ਸੰਤੋਖ ਸਿੰਘ |
| 12. | ਪੰਜਾਬ ਵੀਰ ਪਰੰਪਰਾ ਦਾ ਵਿਕਾਸ | ਡਾ: ਫੌਜਾ ਸਿੰਘ |
| 13. | ਲੁਧਿਆਣਾ ਦੇ ਸੁਤੰਤਰਤਾ ਸੰਗ੍ਰਾਮੀਏ | ਲੋਕ ਸੰਪਰਕ ਵਿਭਾਗ ਲੁਧਿਆਣਾ |
| 14. | ਸਿਖ ਪੰਥ ਕਿਥੇ ਤੋਂ ਕਿਥੇ | ਗਿਆਨੀ ਅਮਰ ਸਿੰਘ |
| 15. | ਪੰਜਾਬ ਦੇ ਸ਼ਹਿਰ | ਬਲਬੀਰ ਸਿੰਘ ਕੰਵਲ |
| 16. | ਸਪਤ ਸ੍ਰਿੰਗ | ਕਪੂਰ ਸਿੰਘ ਆਈ.ਸੀ.ਐਸ. |
| 17. | ਸਿਖ ਇਤਿਹਾਸ ਤੇ ਕੂਕੇ | ਅਮਰ ਭਾਰਤੀ |
| 18. | ਸਤਿਜੁਗ (ਹਫ਼ਤਾਰਵਾਰ) | |
| 19. | ਸਤਿਜੁਗ ਦੇ ਬਸੰਤ ਅੰਕ | |
| 20. | ਸੰਤ ਸਿਪਾਹੀ (ਮਾਸਕ ਪਤ੍ਰਿਕਾ) | |
| 21. | ਅਕਾਲੀ ਪਤ੍ਰਿਕਾ (ਰੋਜ਼ਾਨਾ) | |
| 22. | ਸ਼ਤਾਬਦੀ ਨਿਊਜ਼ (ਮਾਸਕ ਪਤ੍ਰਿਕਾ) | |
| 23. | ਸਚਿਤਰ ਕੌਮੀ ਏਕਤਾ (ਮਾਸਕ ਪਤ੍ਰਿਕਾ) | |

Sri Satguru Jagjit Singh Ji eLibrary NamdhariElibrary@gmail.com

24. गुरू राम सिंह और कूका विद्रोह — सूचना और प्रसारण मन्त्रालय भारत सरकार
25. भारत का इतिहास — धर्मवीर एम. ए.
26. Kukas — M.M. Ahluwalia
27. The Advance History of Punjab — G.S. Chabra
28. Essay in Sikhism — Teja Singh
29. In Look Back At the Kuka Movement — Dr. Fauja Singh
30. Later Developments — Shri Gokal Chand Narang
31. Sikhs — S. Kushwant Singh
32. In First Spark of Revolution — Arun Chandra Guhe
33. Indian People fight for National Liberation — Dr. Sukhbir Choudhary
34. Indo Soviet Friendship — Basant Chatterjee
35: The Sikh Gurus and the Sikh Society — Niharranjan Roy
36. In History of National Movements in india — T.S. Grewal
37. Indian Revolutionaries in Conference — J C. Chatterjee
38. The Punjab Past and Present — Dr. Ganda Singh (Editor)
39. Armed Struggle for freedom Ninety Years War of Indian Independence 1857 to Subbash — Shri Bal Shastri Haridasji
40. ਹੰਸਾ ਹੀਰਾ ਮੋਤੀ ਚੁਗਣਾ — ਸੰਤੋਖ ਸਿੰਘ ਗੁਰਦੇਵ ਸਿੰਘ
41. ਸ੍ਰੀ ਆਦਿ ਗ੍ਰੰਥ ਸਾਹਿਬ
42. ਸ੍ਰੀ ਦਸਮ ਗ੍ਰੰਥ
43. ਜਨਮ ਸਾਖੀ ਭਾਈ ਬਾਲੇ ਦੀ

Sri Satguru Jagjit Singh Ji eLibrary - NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com